
ਇਹ ਵੀ ਸੱਚ ਹੈ
ਜਸਵਿੰਦਰ ਮਹਿਰਮ
ਪੰਜਾਬੀ ਸੱਥ

# ਇਹ ਵੀ ਸੱਚ ਹੈ

(ਗ਼ਜ਼ਲ ਸੰਗ੍ਰਹਿ)

ਜਸਵਿੰਦਰ 'ਮਹਿਰਮ'

**ਇਹ ਵੀ ਸੱਚ ਹੈ**

Eh Vi Sach Hai
(ਗ਼ਜ਼ਲ-ਸੰਗ੍ਰਹਿ)

**Ghazals by : Jasvinder Mehram**
**426 / 8-B, Shaheed Udham Singh Nagar**
**P. O. Satnampura**
**Phagwara , Distt. Kapurthala - 144402.**
**Mobile : 98144 - 14317, Home : 01824 - 278371.**
**e-mail : jmrubru@gmail.com,**
**rubru_jmehram@yahoo.com**

Published by :
PANJ NAD PUBLICATION
LAMBRA ( JALANDHAR)- 144026.

ਸ਼ਾਇਰ: ਜਸਵਿੰਦਰ ਮਹਿਰਮ
426/8-ਬੀ, ਸ਼ਹੀਦ ਊਧਮ ਸਿੰਘ ਨਗਰ,
ਡਾਕ- ਸਤਨਾਮਪੁਰਾ, ਫਗਵਾੜਾ,
ਜ਼ਿਲ੍ਹਾ- ਕਪੂਰਥਲਾ - 144402.

ਪਹਿਲੀ ਵਾਰ - 2010

ਮੁੱਲ : ਡੀਲੈਕਸ 150-00
ਪੇਪਰ ਬੈਕ 100-00

ਟਾਈਪ ਸੈਟਿੰਗ: ਅਰਸ਼ਦੀਪ ਪ੍ਰਕਾਸ਼ਨ, 421-ਦਕੋਹਾ (ਜਲੰਧਰ)- 144023
ਫੋਨ ਨੰ: ਜੇਬ- 94636-13528
E.Mail:- sandhupoet@gmail.com

ਟਾਈਟਲ ਡਿਜ਼ਾਈਨ: ਪ੍ਰੋ. ਸੁਧਾਮਣੀ ਸੂਦ
ਹੈਡ ਆਫ ਡਿਪਾਰਟਮੈਂਟ- ਫਾਈਨ ਆਰਟਸ
ਕਮਲਾ ਨਹਿਰੂ ਕਾਲਜ, ਫਗਵਾੜਾ.

ਪ੍ਰਕਾਸ਼ਕ:
**ਪੰਜ ਨਦ ਪ੍ਰਕਾਸ਼ਨ,**
ਲਾਂਬੜਾ (ਜਲੰਧਰ)- 144026.
ਫੋਨ- 0181-2791036

# ਇਹ ਵੀ ਸੱਚ ਹੈ

(ਗ਼ਜ਼ਲ ਸੰਗ੍ਰਹਿ)

*ਸ਼ਾਇਰ :*
*ਜਸਵਿੰਦਰ ਮਹਿਰਮ*

**ਪੰਜ ਨਦ ਪ੍ਰਕਾਸ਼ਨ,**
ਲਾਂਬੜਾ (ਜਲੰਧਰ)- 144026
ਫੋਨ- 0181-2791036

ਗ਼ਜ਼ਲ ਸੰਗ੍ਰਹਿ

**'ਇਹ ਵੀ ਸੱਚ ਹੈ'**

ਹੇਠ ਲਿਖੇ ਪਤਿਆਂ ਤੋਂ ਵੀ ਮਿਲ ਸਕਦਾ ਹੈ।

**S. Mota Singh Sarai**
**15, Angelica Close, Tame Bridge, Walsall,**
**West mid lands. WS 5 4RP. U.K.**
**Phone : +44 785 075 0109**
**e-mail : singh_m_sarai@hotmail.com**

ਡਾ. ਨਿਰਮਲ ਸਿੰਘ
ਸੇਵਾਦਾਰ ਪੰਜਾਬੀ ਸੱਥ
ਲਾਂਬੜਾ, ਜਲੰਧਰ, ਪੰਜਾਬ-ਭਾਰਤ
Phone : 0181-2791036.
**e-mail : drnirmalsinghlambra@gmail.com**

ਪ੍ਰਿੰ. ਕੁਲਵਿੰਦਰ ਸਿੰਘ ਸਰਾਏ
ਮੰਜਕੀ ਪੰਜਾਬੀ ਸੱਥ, ਭੰਗਾਲਾ-144033
ਜਲੰਧਰ, (ਪੰਜਾਬ) - ਭਾਰਤ
Phone : 01826 - 275633, (M) 98141 - 60642.
**e-mail : kssarai@gmail.com**

ਰੂਬਰੂ ਪ੍ਰਕਾਸ਼ਨ,
426/8-ਬੀ, ਸ਼ਹੀਦ ਊਧਮ ਸਿੰਘ ਨਗਰ,
ਡਾਕ- ਸਤਨਾਮਪੁਰਾ, ਫਗਵਾੜਾ,
ਜ਼ਿਲ੍ਹਾ- ਕਪੂਰਥਲਾ - 144402.
ਫੋਨ : (ਘਰ) 01824 - 278371. ਮੋਬਾਈਲ: 98144 - 14317,
**e-mail : jmrubru@gmail.com,**
**rubru_jmehram@yahoo.com**

ਅਰਸ਼ਦੀਪ ਪ੍ਰਕਾਸ਼ਨ,
421-ਦਕੋਹਾ (ਜਲੰਧਰ)- 144023
ਫੋਨ ਨੰ: ਜੇਬ- 94636-13528
**e. Mail :- sandhupoet@gmail.com**

ਮੇਰੇ ਦਿਲ ਦੀ ਮਹਿਰਮ
ਅਤੇ
ਸੁਪਤਨੀ ਸ੍ਰੀਮਤੀ ਸ਼ਸ਼ੀ ਕੁਮਾਰੀ ਦੇ ਨਾਂ
ਜਿਸਨੇ
ਜਿੱਥੇ ਜ਼ਿੰਦਗੀ ਦੇ ਹਰ ਮੋੜ 'ਤੇ
ਮੇਰਾ ਸਾਥ ਦਿੱਤਾ ਹੈ
ਉੱਥੇ ਮੈਨੂੰ ਪੜ੍ਹਨ-ਲਿਖਣ ਲਈ ਵੀ ਖਿੜੇ-ਮੱਥੇ
ਵੱਧ ਤੋਂ ਵੱਧ ਸਮਾਂ ਦੇ ਕੇ
ਸਹਿਯੋਗ ਦਿੱਤਾ ਹੈ।
।
ਜਸਵਿੰਦਰ ਮਹਿਰਮ

ਗ਼ਜ਼ਲ ਲਿਖੀਏ , ਜਾਂ ਲਿਖੀਏ ਨਜ਼ਮ ਜਾਂ ਫਿਰ ਗੀਤ ਹੀ ਲਿਖੀਏ।
ਜੋ ਦਿਲ ਵਿਚ ਉਮੜਦੇ ਜਜ਼ਬਾਤ ਨੇ ਬੇਸ਼ੱਕ ਉਹੀ ਲਿਖੀਏ।
ਅਸੀਂ ਹੱਕ ਵਾਸਤੇ ਲਿਖੀਏ , ਅਸਾਡਾ ਫ਼ਰਜ਼ ਹੈ 'ਮਹਿਰਮ',
ਗ਼ਲਤ ਨੂੰ ਹੀ ਗ਼ਲਤ ਲਿਖੀਏ, ਸਹੀ ਨੂੰ ਹੀ ਸਹੀ ਲਿਖੀਏ।

# ਇਹ ਵੀ ਸੱਚ ਹੈ

ਸੰਨ 1977-78 ਵਿੱਚ ਜਦੋਂ ਮੈਂ (ਅਮਰਜੀਤ ਸਿੰਘ ਸੰਧੂ) 'ਅਰਸ਼ਦੀਪ' ਮਾਸਿਕ ਪੱਤਰ ਕੱਢਦਾ ਹੁੰਦਾ ਸੀ, ਉਸ ਵੇਲੇ ਮੈਨੂੰ ਪਤਾ ਲੱਗਾ ਕਿ ਜ਼ਿਲਾ ਸਿੱਖਿਆ ਅਫ਼ਸਰ ਕਪੂਰਥਲਾ ਦੇ ਦਫ਼ਤਰ ਵਿੱਚ 'ਅਰਸ਼ਦੀਪ' ਦਾ ਕੋਈ ਪਾਠਕ ਹੈ ਤੇ ਉਹ ਲੇਖਕ ਵੀ ਹੈ। ਮੇਰਾ ਨੌਕਰੀ ਦਾ ਸਬੰਧ ਆਪਣੇ ਸਕੂਲ ਤੱਕ ਹੀ ਸੀਮਤ ਰੱਖਣ ਦੀ ਆਦਤ ਕਾਰਨ, ਕਦੇ ਜਾਨਣ ਦਾ ਕੋਈ ਮੌਕਾ ਹੀ ਨਾ ਬਣਿਆ ਕਿ ਉਹ ਸੱਜਣ ਕੌਣ ਸੀ ਤੇ ਗੱਲ ਆਈ ਗਈ ਹੋ ਗਈ।

ਸੰਨ 2005 ਵਿੱਚ ਜਸਵਿੰਦਰ ਮਹਿਰਮ ਨੇ ਮੇਰੇ ਹੋਣਹਾਰ ਸ਼ਾਗਿਰਦ ਦਾਦਰ ਪੰਡੋਰਵੀ ਰਾਹੀਂ ਮੇਰੇ ਨਾਲ ਰਾਬਤਾ ਕਾਇਮ ਕੀਤਾ ਤਾਂ ਪਤਾ ਲੱਗਿਆ ਕਿ 27 ਸਾਲ ਪਹਿਲਾਂ ਦਾ ਗੁਆਚਿਆ 'ਅਰਸ਼ਦੀਪ' ਦਾ ਪਾਠਕ, ਇਹ 'ਜਸਵਿੰਦਰ ਮਹਿਰਮ' ਹੀ ਸੀ। ਇਸ ਘਟਨਾ ਨੇ ਮੇਰੇ ਇਸ ਵਿਸ਼ਵਾਸ ਨੂੰ ਹੋਰ ਵੀ ਦ੍ਰਿੜ ਕਰ ਦਿੱਤਾ ਕਿ 'ਹਰ ਕੰਮ ਦਾ ਇੱਕ ਸਮਾਂ ਨਿਸ਼ਚਿਤ ਹੁੰਦਾ ਹੈ।' ਮਹਿਰਮ ਨੂੰ ਮਿਲਣ ਤੋਂ ਪਹਿਲਾਂ ਮੈਂ ਉਸ ਦਾ ਕਹਾਣੀ-ਸੰਗ੍ਰਹਿ 'ਨਾ ਪੁੱਤ ਨਾ' ਪੜ੍ਹ ਚੁੱਕਿਆ ਸੀ ਤੇ ਉਸ ਦੀ ਕਹਾਣੀ-ਕਲਾ ਦਾ ਪ੍ਰਸੰਸਕ ਸੀ।

ਮਹਿਰਮ ਨਾਲ ਪਹਿਲੀਆਂ ਹੀ ਦੋ-ਤਿੰਨ ਮਿਲਣੀਆਂ ਵਿੱਚ ਮੈਂ ਮਹਿਸੂਸ ਕੀਤਾ ਕਿ 'ਬੰਦਾ ਬੋਲਦਾ ਬਹੁਤ ਹੈ'। ਬਹੁਤਾ ਬੋਲਣ ਵਾਲੇ ਨੂੰ, ਦੂਜੇ ਵਿਅਕਤੀ ਵਾਸਤੇ ਆਪਣੀ ਗੱਲ ਸਮਝਾਉਣੀ ਜ਼ਰਾ ਔਖੀ ਹੋ ਜਾਂਦੀ ਹੈ। ਇਸੇ ਹੀ ਗੁਣ ਵਾਲਾ ਇੱਕ ਹੋਰ ਗੁਣਵਾਨ ਸੱਜਣ ਮੇਰੇ ਕੋਲ ਪਹਿਲਾਂ ਵੀ ਆਇਆ ਸੀ ਤੇ ਮੈਂ ਉਸ ਨੂੰ ਉਲਫ਼ਤ ਬਾਜਵੇ ਦਾ ਪਤਾ ਦੇ ਕੇ ਉਧਰ ਭੇਜ ਦਿੱਤਾ ਸੀ। ਸਿੱਖ ਉਹ ਬਾਜਵੇ ਤੋਂ ਵੀ ਕੁਝ ਨਾ ਸਕਿਆ। ਪਰ ਉਸ ਦੇ ਤੇ ਮਹਿਰਮ ਦੇ ਬੋਲਣ ਵਿੱਚ ਇੰਨਾਂ ਕੁ ਫਰਕ ਜ਼ਰੂਰ ਦਿੱਸਿਆ ਕਿ ਉਹ ਆਪਣੀ ਵਿਦਵਤਾ/ਪ੍ਰਾਪਤੀਆਂ ਦਾ ਬਹੁਤਾ ਵਿਖਾਵਾ ਕਰਦਾ ਸੀ ਜਦ ਕਿ ਮਹਿਰਮ ਛੇਤੀ ਤੋਂ ਛੇਤੀ ਬਹੁਤ ਕੁਝ ਪੁੱਛ ਲੈਣ ਦੇ ਫ਼ਿਕਰ ਵਿੱਚ ਰਹਿੰਦਾ ਹੈ। ਉਸ ਨੂੰ ਇਸ ਗੱਲ ਦਾ ਜ਼ਾਹਿਰੇ ਤੌਰ 'ਤੇ ਬਹੁਤ ਲਾਭ ਵੀ ਹੋਇਆ, ਜਿਹੜਾ ਗੁਣ ਮੇਰੇ ਕਈ ਸ਼ਾਗਿਰਦ ਬਹੁਤ ਸਾਲਾਂ ਵਿੱਚ ਵੀ ਪ੍ਰਾਪਤ ਨਹੀਂ ਕਰ ਸਕੇ, ਉਹ ਸਭ ਕੁਝ ਮਹਿਰਮ ਨੇ ਕੁਝ ਮਹੀਨਿਆਂ ਵਿੱਚ ਹੀ ਪ੍ਰਾਪਤ ਕਰ ਲਿਆ ਤੇ ਆਪਣੇ ਹਿਰਦੇ ਵਿੱਚ ਵਸਾ ਲਿਆ। ਖ਼ੈਰ, ਛੇਤੀ ਹੀ ਮਹਿਰਮ ਦਾ 'ਬੰਦਾ ਬੋਲਦਾ ਬਹੁਤ ਹੈ' ਵਾਲਾ ਔਗੁਣ ਮੈਨੂੰ 'ਬੰਦਾ ਬੋਲ ਸਕਦਾ ਏ' ਦੇ ਗੁਣ ਵਿੱਚ ਬਦਲਦਾ ਜਾਪਿਆ। ਮੇਰੇ ਬਹੁਤ ਸਾਰੇ ਸ਼ਾਗਿਰਦ ਬਹੁਤ ਅੱਛੀ ਕਵਿਤਾ ਜਾਂ ਗ਼ਜ਼ਲ ਲਿਖ ਤਾਂ ਲੈਂਦੇ ਹਨ ਪਰ ਉਹਨਾਂ ਵਿੱਚੋਂ ਇੱਕ ਵੀ ਆਪਣੇ ਗਿਆਨ ਨੂੰ ਦੂਜੇ ਤੱਕ ਪਹੁਚਾਉਣ ਲਈ ਲੋੜੀਂਦੀ ਸਮਝਾਉਣ-ਸ਼ਕਤੀ ਦਾ ਮਾਲਿਕ

ਨਹੀਂ, ਹਾਲਾਂਕਿ ਉਹਨਾਂ ਵਿੱਚੋਂ ਕੁਝ ਕੁ ਅਧਿਆਪਕ ਵੀ ਹਨ। ਅਸਲ ਵਿੱਚ ਮੈਨੂੰ ਆਪਣੀ ਗੱਲ ਕਹਿ ਸਕਣ ਤੇ ਵਿਸਥਾਰ ਵਿੱਚ ਸਮਝਾ ਸਕਣ ਵਾਲੇ ਕਿਸੇ ਸ਼ਾਗਿਰਦ ਦੀ ਬੜੀ ਬੇਸਬਰੀ ਨਾਲ ਭਾਲ ਸੀ, ਜੋ ਮੇਰੀ ਵਿਰਾਸਤ ਨੂੰ ਅੱਗੇ ਤੋਰ ਸਕੇ। ਜਸਵਿੰਦਰ ਮਹਿਰਮ ਦਾ ਮੇਰੇ ਕੋਲ ਆਉਣਾ 'ਸੰਧੂ ਗ਼ਜ਼ਲ ਸਕੂਲ' ਵਾਸਤੇ ਇੱਕ ਤਰ੍ਹਾਂ ਨਾਲ ਵਰਦਾਨ ਹੀ ਸਾਬਤ ਹੋਇਆ।

ਮਹਿਰਮ ਸਿਆਣੀ ਉਮਰ ਦਾ ਪ੍ਰਤਿਭਾਵਾਨ ਵਿਅਕਤੀ ਹੈ। ਇਸ ਲਈ ਉਸ ਨੇ ਸ਼ਾਇਰੀ ਦੇ ਨੁਕਤੇ ਬੜੀ ਤੇਜ਼ੀ ਨਾਲ ਸਿੱਖਣੇ ਸ਼ੁਰੂ ਕਰ ਦਿੱਤੇ ਤੇ ਛੇਤੀ ਹੀ ਉਸ ਨੂੰ ਉਹਨਾਂ 'ਤੇ ਆਬੂਰ ਹਾਸਿਲ ਹੋ ਗਿਆ। ਮਹਿਰਮ ਭਾਵੇਂ ਆਪ ਅਧਿਆਪਕ ਨਹੀਂ, ਪਰ ਸਕੂਲ ਵਿੱਚ ਕਲਰਕੀ ਦੀ ਸੇਵਾ ਕਰਦਿਆਂ ਕਰਦਿਆਂ ਉਸ ਵਿੱਚ ਵੀ ਅਧਿਆਪਕਾਂ ਵਾਲੇ ਗੁਣ ਆਪਣੇ-ਆਪ ਹੀ ਪ੍ਰਵੇਸ਼ ਕਰ ਗਏ ਲੱਗਦੇ ਹਨ। ਇਸੇ ਲਈ ਜਨਵਰੀ 2009 ਵਿੱਚ ਮੈਂ ਉਸ ਨੂੰ ਆਪਣਾ ਭਾਰ ਵੰਡਾਉਣ ਲਈ ਆਪਣੇ ਨਾਲ ਖੜਾ ਕਰਦਿਆਂ 'ਸੰਧੂ ਗ਼ਜ਼ਲ ਸਕੂਲ' ਦਾ ਜਾ-ਨਸ਼ੀਨ ਥਾਪ ਦਿੱਤਾ। ਹੁਣ ਉਹ ਨਵੇਂ ਸਿਖਿਆਰਥੀਆਂ ਨੂੰ ਸੁਤੰਤਰ ਤੌਰ 'ਤੇ ਵੀ ਸ਼ਾਇਰੀ ਵਿੱਚ ਪਰਪੱਕ ਕਰ ਰਿਹਾ ਹੈ ਤੇ ਮੇਰੇ ਯੂਨੀਅਰ ਸ਼ਾਗਿਰਦਾਂ ਨੂੰ ਵੀ ਸਮੇਂ ਸਮੇਂ ਅਗਵਾਈ ਦਿੰਦਾ ਹੈ। ਮੇਰੇ ਹੀ ਕੁਝ ਸੀਨੀਅਰ ਸ਼ਾਗਿਰਦ ਮਹਿਰਮ ਦੇ ਪਿੱਛੋਂ ਆ ਕੇ ਅੱਗੇ ਲੰਘ ਜਾਣ ਤੇ ਕ੍ਰਿਝਦੇ ਵੀ ਨੇ ਪਰ ਮੈਨੂੰ ਆਪਣੇ ਇਸ ਹੋਣਹਾਰ ਸ਼ਾਗਿਰਦ 'ਤੇ ਸਦਾ ਮਾਣ ਰਹੇਗਾ।

ਕਿਉਂਕਿ ਮਹਿਰਮ ਨੇ ਮੇਰੇ ਤੋਂ ਹੀ ਸ਼ਾਇਰੀ ਸਬੰਧੀ ਤਰਬੀਅਤ ਹਾਸਿਲ ਕੀਤੀ ਹੈ ਤੇ ਮੈਂ ਉਸ ਵਿੱਚ ਪੂਰਨ ਸ਼ਾਇਰ ਦੇਖਿਆ ਹੈ, ਇਸ ਲਈ ਉਸ ਦੇ ਇਸ ਗ਼ਜ਼ਲ-ਸੰਗ੍ਰਹਿ 'ਇਹ ਵੀ ਸੱਚ ਹੈ' ਦੀਆਂ ਗ਼ਜ਼ਲਾਂ ਤਾਂ ਗ਼ਜ਼ਲ ਦੇ ਹਰ ਤਕਾਜ਼ੇ ਨੂੰ ਪੂਰਿਆਂ ਕਰਦੀਆਂ ਹੀ ਹੋਣਗੀਆਂ। ਉਸ ਦੇ ਸ਼ਿਅਰਾਂ ਵਿੱਚ ਮੇਰੇ ਵਾਂਗ ਹੀ, ਜਾਂ ਗ਼ਜ਼ਲ ਦਾ ਮੁੱਖ-ਵਿਸ਼ਾ ਹੋਣ ਕਾਰਨ ਇਸ਼ਕ-ਮੁਹੱਬਤ ਦੀ ਸੰਕੋਚਵੀਂ ਜਿਹੀ ਗੱਲ ਤਾਂ ਹੁੰਦੀ ਹੈ ਪਰ ਉਹ ਇਸ ਵਿਸ਼ੇ ਨੂੰ ਬਹੁਤੀ ਤੂਲ ਨਹੀਂ ਦਿੰਦਾ। ਜਦੋਂ ਕਿ ਆਮ ਤੌਰ 'ਤੇ ਉਹ ਸਮਾਜਿਕ ਵਿਸ਼ਿਆਂ ਦੇ ਰਸ ਦਾ ਹੀ ਆਪਣੀ ਕਲਮ ਨੂੰ ਰਸਾ-ਸਵਾਦਨ ਕਰਵਾਉਂਦਾ ਹੈ।

ਉਹ ਸਮਾਜ ਵਿੱਚ ਨਿੱਤ ਵਾਪਰਦੀਆਂ ਘਟਨਾਵਾਂ ਨੂੰ ਗੁਹ ਨਾਲ ਵਾਚਦਾ ਹੈ ਤੇ ਫਿਰ ਉਹਨਾਂ 'ਤੇ ਬੜੀ ਬੇਬਾਕੀ ਨਾਲ ਤਬਸਰਾ ਕਰਦਾ ਹੈ। ਉਹ ਕਦੀ ਕਦੀ ਦੋਸ਼ਦਾਰਾਂ 'ਤੇ ਬਹੁਤ ਹੀ ਕਠੋਰ ਚੋਟ ਕਰ ਜਾਂਦਾ ਹੈ ਤਾਂ ਮੈਨੂੰ ਉਸ ਵਿੱਚੋਂ ਆਪਣਾ ਇਹ ਸ਼ਿਅਰ ਸਾਕਾਰ ਹੁੰਦਾ ਮਹਿਸੂਸ ਹੁੰਦਾ ਹੈ ਕਿ-

ਜੇ ਜ਼ਾਲਿਮ ਸੋਧਣੇ ਚਾਹੁੰਦਾ ਏਂ ਤਾਂ ਕੁਰਲਾਹਟ 'ਤੇ ਨਾ ਜਾਹ,
ਜਿਨ੍ਹਾਂ 'ਤੇ ਚੋਟ ਪੈਣੀ ਹੈ, ਉਹਨਾਂ ਨੇ ਚੀਕਣਾ ਤਾਂ ਹੈ।

ਉਂਜ ਤਾਂ ਮੈਂ ਆਪਣੇ ਹੀ ਬੱਚੇ ਦੀ ਤਾਰੀਫ਼ ਕਰਦਾ ਚੰਗਾ ਨਹੀਂ ਲੱਗਦਾ ਪਰ ਕਿਉਂਕ 'ਇਹ ਵੀ ਸੱਚ ਹੈ' ਦਾ ਮੁੱਖ-ਬੰਦ ਲਿਖਣ ਦੀ ਜ਼ੁੰਮੇਵਾਰੀ ਮੈਂ ਆਪਣੇ ਸਿਰ ਲੈ ਲਈ ਹੈ ਤਾਂ ਸੰਖੇਪ ਵਿੱਚ ਇਹ ਫ਼ਰਜ਼ ਵੀ ਨਿਭਾਉਣਾ ਹੀ ਪਵੇਗਾ।

ਸਾਦਗੀ 'ਦੀਪਕ ਗ਼ਜ਼ਲ ਸਕੂਲ' ਅਤੇ ਫਿਰ ਉਸ ਦੀ ਹੀ ਇੱਕ ਬਹੁਤ ਚੰਗੀ ਤਰ੍ਹਾਂ ਮੌਲ ਰਹੀ ਸ਼ਾਖ 'ਸੰਧੂ ਗ਼ਜ਼ਲ ਸਕੂਲ' ਦਾ ਮੀਰੀ ਗੁਣ ਹੈ। ਇਸ ਗੁਣ 'ਤੇ ਪਹਿਰਾ ਦਿੰਦਾ ਹੋਇਆ ਮਹਿਰਮ ਆਪਣੀ ਸਾਹਿਤਕ ਵਿਰਾਸਤ ਅਨੁਸਾਰ ਸਾਦੇ ਲਫ਼ਜ਼ਾਂ ਵਿੱਚ ਬਹੁਤ ਸਪਸ਼ਟ ਗੱਲ ਕਰਨ ਦਾ ਆਦੀ ਹੈ। ਉਹ ਆਪਣੇ ਸ਼ਿਅਰਾਂ ਵਿੱਚ ਨਾ ਤਾਂ 'ਲਫ਼ਜ਼ੀ-ਉਲਝਣ' ਪੈਣ ਦਿੰਦਾ ਹੈ ਤੇ ਨਾ 'ਮਾਅਨਵੀ-ਗੁੰਝਲ'। ਇਸ ਪ੍ਰਥਾਏ ਮਹਿਰਮ ਠੀਕ ਕਹਿੰਦਾ ਹੈ ਕਿ-

ਸਿੱਧੇ ਸਾਦੇ ਲਫ਼ਜ਼ਾਂ ਵਿਚ ਮੈਂ, ਅਪਣੇ ਸ਼ਿਅਰ ਸੁਣਾਉਂਦਾ ਹਾਂ,
ਤੇਰੇ ਮਨ 'ਤੇ ਬੋਝ ਪਵੇ ਨਾ, ਅਰਥ ਇਨਾਂ ਦੇ ਸਮਝਣ ਦਾ।

ਪਰ ਕਿਉਂਕਿ, ਇੱਕ ਘਟਨਾ ਜਾਂ ਗੱਲ ਨੂੰ ਬਿਲਕੁਲ ਹੀ ਸਪਾਟ ਲਫ਼ਜ਼ਾਂ ਵਿੱਚ ਬਿਆਨ ਕਰ ਜਾਣਾ ਵੀ ਕੋਈ ਕਲਾਕਾਰੀ ਨਹੀਂ ਹੁੰਦੀ, ਇਹ ਗੱਲ ਮਹਿਰਮ ਬਾਖ਼ੂਬੀ ਜਾਣਦਾ ਹੈ। ਇਸੇ ਲਈ ਉਹ ਭਾਸ਼ਾ ਅਤੇ ਭਾਵ ਨੂੰ ਬਹੁਤ ਸਾਦਾ ਦੇ ਸਪਸ਼ਟ ਰੱਖਦਿਆਂ ਹੋਇਆਂ ਵੀ ਆਪਣੇ ਜਜ਼ਬਿਆਂ ਦੀ ਅਤਿਅੰਤ ਬਾਰੀਕ ਤੇ ਸੂਖਮ ਤਾਰ ਵਿੱਚ ਬੇਮਿਸਾਲ ਅਤੇ ਅਣਮੋਲ ਕਲਾਕਾਰੀ ਦੇ ਹੀਰੇ-ਮੋਤੀ ਪਿਰੋਣ ਵਿੱਚ ਐਸੀ ਹੀ ਮੁਹਾਰਤ ਦਾ ਮੁਜ਼ਾਹਰਾ ਕਰਦਾ ਹੈ। ਆਉ ਜ਼ਰਾ ਉਧਰ ਵੀ ਝਾਤੀ ਮਾਰੀਏ।

ਜੇ ਅਸੀਂ ਗ਼ਜ਼ਲ ਨੂੰ ਇੱਕ ਸੁੰਦਰੀ ਨਾਲ ਤਸ਼ਬੀਹ ਦੇਈਏ ਤਾਂ ਜ਼ਾਹਿਰ ਹੈ ਕਿ ਉਸ ਸੁੰਦਰੀ ਨੂੰ ਸੱਜਣ-ਧੱਜਣ ਵਾਸਤੇ ਕੁਝ ਕੁ ਸੁੰਦਰਤਾ-ਪ੍ਰਸਾਧਨਾਂ ਦੀ ਵੀ ਲੋੜ ਪਵੇਗੀ। ਸੁੰਦਰਤਾ ਦੇ ਵਿਸ਼ੇ ਦੇ ਵਿਦਵਾਨਾਂ ਨੇ ਨਾਰੀ ਦੇ ਸਜਣ-ਸੰਵਰਣ ਵਾਸਤੇ ਸੋਲਾਂ ਕਿਸਮ ਦੇ ਸ਼ਿੰਗਾਰਾਂ ਦੀ ਵਿਆਖਿਆ ਕੀਤੀ ਹੈ। ਉਹਨਾਂ ਵਿੱਚ ਸੁੰਦਰ ਜ਼ੇਵਰਾਂ ਦੀ ਖ਼ਾਸ ਅਹਿਮੀਅਤ ਹੈ। ਗ਼ਜ਼ਲ-ਸੁੰਦਰੀ ਦੀ ਸੁੰਦਰਤਾ ਨੂੰ ਹੋਰ ਚਾਰ ਚੰਨ ਲਾਉਣ ਲਈ ਵੀ ਕੁਝ ਜ਼ੇਵਰਾਂ ਦੀ ਲੋੜ ਪੈਂਦੀ ਹੈ। ਇਹਨਾਂ ਸਾਹਿਤਕ-ਜ਼ੇਵਰਾਂ ਨੂੰ 'ਅਲੰਕਾਰ' ਕਹਿੰਦੇ ਹਨ। ਮਹਿਰਮ ਵੀ ਆਪਣੀ ਗ਼ਜ਼ਲ ਨੂੰ ਕਿਸੇ ਕਿਸਮ ਦੇ ਜ਼ੇਵਰਾਂ (ਅਲੰਕਾਰਾਂ) ਤੋਂ ਵਿਰਵਾ ਕਿਵੇਂ ਰੱਖ ਲੈਂਦਾ? ਆਖ਼ਿਰ ਉਹ ਇੱਕ ਸੁਨਿਆਰੇ ਦਾ ਪੋਤਾ-ਸ਼ਾਗਿਰਦ ਹੈ। ਉਸਤਾਦ ਜਨਾਬ ਦੀਪਕ ਜੈਤੋਈ ਸਾਹਿਬ ਨਾ ਕੇਵਲ 'ਸੁਨਿਆਰ' ਜਾਤੀ ਨਾਲ ਹੀ ਸੰਬੰਧ ਰੱਖਦੇ ਸਨ ਸਗੋਂ ਇੱਕ ਉਸਤਾਦ ਸਵਰਨ-ਕਲਾਕਾਰ ਵੀ ਸਨ।

ਪਿੰਗਲ ਅਨੁਸਾਰ 'ਅਲੰਕਾਰ' ਅਤੇ ਅਰੂਜ਼ ਅਨੁਸਾਰ 'ਸਨਅਤਾਂ' (ਸਾਹਿਤਕ ਕਾਰੀਗਰੀਆਂ) ਕੁਝ ਐਸੀਆਂ ਯੁਗਤੀਆਂ ਨੂੰ ਕਹਿੰਦੇ ਹਨ ਜਿਹਨਾਂ ਨਾਲ ਸ਼ਾਇਰ ਆਪਣੇ ਲਿਖੇ ਜਾਣ ਵਾਲੇ ਅੱਖਰਾਂ ਅਤੇ ਸ਼ਬਦਾਂ ਨੂੰ ਕੁਝ ਐਸੀਆਂ ਤਰਤੀਬਾਂ ਦਿੰਦਾ ਹੈ ਕਿ ਪੜ੍ਹਨ-ਸੁਣਨ ਵਾਲੇ ਨੂੰ ਉਸ ਤਰਤੀਬ ਵਿੱਚ ਲਿਖੇ ਗਏ ਅੱਖਰ ਜਾਂ ਲਫ਼ਜ਼ ਐਸਾ ਮਜ਼ਾ ਪਰਦਾਨ ਕਰਦੇ ਹਨ ਕਿ ਉਹ ਪੜ੍ਹਦਿਆਂ-ਸੁਣਦਿਆਂ ਝੂਮ ਉੱਠਦਾ ਹੈ, 'ਵਾਹ ਵਾਹ' ਕਹਿ ਉੱਠਦਾ ਹੈ। ਸ਼ਾਇਰ ਦੀ ਸ਼ਾਇਰੀ ਵਿੱਚ ਐਸੀਆਂ ਕਾਰੀਗਰੀਆਂ ਕੇਵਲ ਬਣਤਾਂ ਬਨਾਉਣ ਜਾਂ ਤਾਣੇ-ਪੇਟੇ ਉਣਨ ਨਾਲ ਹੀ ਨਹੀਂ ਆ ਜਾਂਦੀਆਂ, ਸਗੋਂ ਇਹਨਾਂ ਵਾਸਤੇ ਸ਼ਾਇਰੀ ਦੀ ਕਰਤਾ-ਪੁਰਖ ਵੱਲੋਂ ਹੋਈ ਆਮਦ ਅਤੇ ਉਮਰ-ਭਰ ਦੇ ਅਭਿਆਸ ਵੀ ਦਰਕਾਰ ਹੁੰਦੇ ਹਨ।

ਇੱਥੇ ਮੈਂ ਮਹਿਰਮ ਵੱਲੋਂ ਆਮ ਵਰਤੇ ਜਾਂਦੇ ਅਨੇਕ ਅਲੰਕਾਰਾਂ ਅਤੇ ਕਾਵਿ-ਯੁਗਤੀਆਂ ਵਿੱਚੋਂ ਕੁਝ ਇੱਕ ਦਾ ਹੀ ਵੰਨਗੀ ਵਜੋਂ ਵਿਵਰਨਣ ਦੇ ਕੇ ਆਪਣੀ ਗੱਲ ਅੱਗੇ ਤੋਰਾਂਗਾ।

**ਬਿੰਬ ਸਿਰਜਣਾ** (ਮਨਜ਼ਿਰ ਨਿਗਾਰੀ)- ਮਹਿਰਮ ਆਪਣੇ ਕਲਾਮ ਵਿੱਚ ਬਹੁਤ ਖ਼ੂਬਸੂਰਤ ਅਤੇ ਢੁੱਕਵੇਂ ਬਿੰਬ ਉਸਾਰਣ ਵਿੱਚ ਬਹੁਤ ਕਾਮਯਾਬ ਰਿਹਾ ਹੈ। ਵੇਖੋ ਉਸ ਨੇ ਸਾਡੀਆਂ ਅੱਖੀਆਂ ਸਾਹਮਣੇ ਕਿਵੇਂ 'ਗੁਲਾਬ-ਵਾਟਿਕਾ' ਦਾ ਨਜ਼ਾਰਾ (ਮਨਜ਼ਿਰ) ਸਾਕਾਰ ਕਰ ਕੇ 'ਰੂਪ-ਬਿੰਬ' ਦੀ ਵੰਨਗੀ ਪੇਸ਼ ਕੀਤੀ ਹੈ-

ਇਸ਼ਕ ਤੇਰੇ ਦਾ ਦਿਲ ਦੇ ਬਾਗੀਂ ਖਿੜਿਆ ਜਦੋਂ ਗੁਲਾਬ।
ਨੈਣਾਂ ਦੇ ਦਰ ਆ ਬੈਠੇ ਕਈ ਸੱਜਰੇ ਮਿਠੜੇ ਖ਼ਾਬ।

**ਤਜਨੀਸ ਦੀ ਖ਼ੂਬੀ-** (ਇੱਕ ਹੀ ਸ਼ਬਦ ਨੂੰ ਇੱਕ ਤੋਂ ਵੱਧ ਅਰਥਾਂ ਵਿੱਚ ਵਰਤਣਾ)-

ਯਾਰਾਂ ਦੀ ਜੋ 'ਭੀੜ' ਬੜੀ ਹੈ,'ਭੀੜ' ਬਣੀ 'ਤੇ ਪਰਖ ਲਵਾਂਗੇ,
ਕਿਹੜਾ ਯਾਰ ਹਿਤੈਸ਼ੀ ਬਣਦੈ, ਕਿਹੜਾ ਯਾਰ ਦਗ਼ਾ ਦਿੰਦਾ ਹੈ।

**ਤਕਰਾਰ ਲਫ਼ਜ਼ੀ ਦੀ ਖ਼ੂਬੀ-** (ਪੁਨਰ-ਆਵਰਤੀ ਅਲੰਕਾਰ)-
ਜਦ ਵੀ ਸੋਚਾਂ, ਏਹੋ ਸੋਚਾਂ, ਉਸ ਦੇ ਬਾਰੇ ਕੁਝ ਨਾ ਸੋਚਾਂ,
ਲੇਕਿਨ ਉਹ ਤਾਂ ਹਰ ਵੇਲੇ ਹੀ, ਸੋਚਾਂ ਵਿਚ ਹਾਜ਼ਿਰ ਲਗਦਾ ਹੈ।

**ਤੱਜ਼ਾਦ ਦੀ ਖ਼ੂਬੀ-** (ਵਿਰੋਧਾਭਾਸ ਅਲੰਕਾਰ)-
ਜੋ ਮੇਰੇ 'ਪਾਸ' ਰਹਿੰਦੇ ਨੇ ਉਹ ਕੋਹਾਂ 'ਦੂਰ' ਨੇ ਦਿਲ ਤੋਂ,
ਜੋ ਕੋਹਾਂ 'ਦੂਰ' ਹੁੰਦੇ ਨੇ ਉਹ ਦਿਲ ਦੇ 'ਪਾਸ' ਰਹਿੰਦੇ ਨੇ।

ਛੁਪਾ ਕੇ 'ਗ਼ਮ', 'ਖ਼ੁਸ਼ੀ' ਵੰਡੇ, 'ਖ਼ਤਾ' ਬਦਲੇ 'ਵਫ਼ਾ' ਪਾਲੇ,
ਮਿਲੇ ਜਦ ਵੀ ਮੇਰਾ ਮਹਿਰਮ, ਮਿਲੇ 'ਮਹਿਰਮ' ਤੇਰੇ ਵਰਗਾ।

**ਸਨਾਇਆ ਮਾਅਨਵੀ ਦੀ ਖ਼ੂਬੀ-**
(ਅਰਥਾਂ ਦੀ ਕਾਰੀਗਰੀ-ਇੱਕ ਹੀ ਘੇਰੇ ਦੇ ਅੱਖਰ ਇਕੱਠੇ ਕਰਨੇ)-
ਨਫ਼ਰਤ, ਵੈਰ, ਵਿਰੋਧ, ਦਿਖਾਵਾ ਬਾਕੀ ਰਹਿ ਗਏ 'ਮਹਿਰਮ',
ਦੁਨੀਆਂ ਵਿਚੋਂ ਉੜ ਚੁੱਕਿਆ ਹੈ ਅੱਜ ਕਲ੍ਹ ਅਦਬ-ਅਦਾਬ।

ਪਿਆਰ-ਮੁਹੱਬਤ, ਮੇਲ-ਵਿਛੋੜਾ, ਦਰਦ-ਤਸੀਹੇ, ਰੋਸੇ-ਧੋਖੇ,
ਜੋ ਵੀ ਦਿਲ ਨੂੰ ਲੱਗ ਜਾਂਦਾ ਹੈ, ਹੱਥ ਵਿਚ ਕਲਮ ਫੜਾ ਦਿੰਦਾ ਹੈ।

**ਤੇਵਰ ਦੀ ਖ਼ੂਬੀ-** (ਰੁਕਨ-ਰੁਕਨ, ਲਫ਼ਜ਼-ਲਫ਼ਜ਼ ਟੁਕੜੇ ਜੋੜਨੇ)-
ਪੈਸਾ ਮਿਲੇ ਤਾਂ ਆਦਮੀ ਸਭ ਕੁਝ ਖਰੀਦੇ 'ਮਹਿਰਮਾ',
ਪਹਿਚਾਨ ਵੀ, ਅਹਿਸਾਨ ਵੀ, ਸਨਮਾਨ ਵੀ, ਭਗਵਾਨ ਵੀ।

**ਰੁਜੂਅ ਦੀ ਖ਼ੂਬੀ-** (ਆਪਣੀ ਹੀ ਗੱਲ ਦੀ ਸੋਧ ਜਾਂ ਤਰਦੀਦ ਕਰਨੀ)-
ਦੂਰ ਜਾ ਕੇ ਉਹ ਬੜਾ ਹੀ ਯਾਦ ਆਇਆ ਹਰ ਸਮੇਂ,
ਭਰਮ ਸੀ, ਹੋਇਐ ਜੁਦਾ, ਹੋਇਆ ਜੁਦਾ ਕੁਝ ਵੀ ਨਹੀਂ।

**ਈਰਾਦ-ਉਲ-ਮਿਸਲ ਦੀ ਖ਼ੂਬੀ-** (ਸ਼ਿਅਰ ਵਿੱਚ ਮੁਹਾਵਰਾ ਬੰਨ੍ਹਣਾ)-
ਕੁਰਾਹੇ ਪੈ ਗਿਆ ਜੋ, ਹੁਣ ਇਸ਼ਾਰੇ ਕੀ ਭਲਾ ਸਮਝੂ,
ਨਸੀਹਤ ਵਾਸਤੇ ਵੀ ਉਹ ਤਾਂ ਹੈ 'ਚਿਕਨੇ-ਘੜੇ' ਵਰਗਾ।

ਬੁਰੀ ਲੱਗੀ ਜੇ ਗੱਲ ਉਸ ਨੂੰ, ਕਰੇ ਬਹਿ ਕੇ ਗਿਲਾ-ਸ਼ਿਕਵਾ,
ਕਹੋ ਉਸ ਨੂੰ, ਪਰੇ ਰਹਿ ਕੇ ਨਾ 'ਹਾਉਮੈ ਨੂੰ ਹਵਾ ਦੇਵੇ'।

**ਤਲਮੀਹ ਦੀ ਖ਼ੂਬੀ-** (ਲੋਕ-ਗਾਥਾਵਾਂ ਦੇ ਜਾਂ ਇਤਿਹਾਸ ਦੇ ਹਵਾਲੇ ਦੇਣੇ)-
ਉਹ ਆਕੜ ਵਿੱਚ ਸਹੇ ਦੇ ਵਾਂਗ ਰਾਹ ਵਿੱਚ ਬਹਿ ਗਿਆ ਹੋਣੈ।
ਸਮੇਂ ਦੀ ਦੌੜ 'ਚੋਂ ਪਿੱਛੇ ਉਹ ਤਾਂ ਹੀ ਰਹਿ ਗਿਆ ਹੋਣੈ।

**ਤਸ਼ਬੀਹ ਦੀ ਖ਼ੂਬੀ-** (ਉਪਮਾ ਅਲੰਕਾਰ)-
ਮਜਬੂਰੀ-ਵੱਸ ਜੁੜਿਆ ਲੱਗਦੈ ਇਸ ਜੋੜੇ ਦਾ ਜੋੜ,
ਲੂਣਾ ਸਿਖ਼ਰ ਦੁਪਹਿਰ ਜਿਹੀ ਹੈ, ਢਲਦਾ ਦਿਨ ਸਲਵਾਨ।

**ਅਟੱਲ ਸਚਾਈਆਂ-** (ਮੁਹਾਵਰਾ ਬਣ ਜਾਣ ਦੀ ਸਮਰੱਥਾ ਰੱਖਦੇ ਸ਼ਿਅਰ)–

ਜ਼ਮਾਨੇ ਵਿੱਚ ਹਰਿਕ ਦੇ ਨਾਲ ਮਿਲਣਾ ਵਰਤਣਾ ਪੈਂਦੈ।
ਬੜਾ ਕੁਝ ਦੇਖਣਾ ਪੈਂਦਾ, ਬੜਾ ਕੁਝ ਸੋਚਣਾ ਪੈਂਦੈ।
ਕਸਮਾਂ ਖਾ ਕੇ, ਵਾਅਦੇ ਕਰਕੇ ਵੀ ਔਕਾਤ ਦਿਖਾ ਦਿੰਦਾ ਹੈ।
ਬੇਕਦਰਾ ਇਨਸਾਨ ਹਮੇਸ਼ਾ, ਸਭ ਅਹਿਸਾਨ ਭੁਲਾ ਦਿੰਦਾ ਹੈ।

ਖ਼ੁਦ ਨੂੰ ਦਰਦ ਮਿਲੇ ਤਾਂ ਦਰਦ ਪਰਾਇਆ ਵੀ ਫਿਰ ਲਗਦੈ ਅਪਨਾ,
ਦਰਦ ਮਿਲੇ ਤਾਂ ਦਰਦ ਵੰਡਾਉਣਾ ਏਹੀ ਦਰਦ ਸਿਖਾ ਦਿੰਦਾ ਹੈ।

ਉੱਚੀ ਥਾਂ 'ਤੇ ਖੜ੍ਹ ਕੇ ਜਦ ਵੀ ਸਮਝੇ ਉੱਚੀ ਸ਼ਾਨ।
ਓਦੋਂ ਹੀ ਹੰਕਾਰ 'ਚ ਧੋਖਾ ਖਾ ਬਹਿੰਦਾ ਇਨਸਾਨ।

**ਗ਼ਜ਼ਲ ਵਿੱਚ ਕਤੇਅ**: ਆਮ ਤੌਰ 'ਤੇ ਗ਼ਜ਼ਲ ਦਾ ਹਰ ਸ਼ਿਅਰ ਆਪਣੀ ਹੱਦ ਵਿੱਚ ਰਹਿ ਕੇ ਹੀ ਆਪਣੀ ਸਾਰੀ ਕਹਾਣੀ ਆਪ ਸੁਣਾਉਂਦਾ ਹੈ, ਉਹ ਆਪਣੇ ਤੋਂ ਅਗਲੇ-ਪਿਛਲੇ ਸ਼ਿਅਰ ਦੀ ਮਥਾਜੀ ਨਹੀਂ ਝੱਲਦਾ। ਇਹੋ ਹੀ ਗ਼ਜ਼ਲ ਅਤੇ ਨਜ਼ਮ ਵਿਚਲਾ ਅੰਤਰ ਹੈ। ਪਰ ਕਈ ਵਾਰ ਆਪਣੇ ਆਪ ਵਿੱਚ ਸੰਪੂਰਨ ਸ਼ਿਅਰ ਵੀ ਜਦੋਂ ਆਪਣੇ ਅਗਲੇ-ਪਿਛਲੇ ਸ਼ਿਅਰ ਦੇ ਨਾਲ ਮਿਲ ਬਹਿੰਦੇ ਹਨ ਤਾਂ ਉਹ ਇੱਕ ਅਲੱਗ ਕਹਾਣੀ ਨੂੰ ਸੰਪੂਰਨਤਾ ਬਖ਼ਸ਼ਦੇ ਪ੍ਰਤੀਤ ਹੁੰਦੇ ਹਨ। ਐਸੀ ਹਾਲਤ ਵਿੱਚ ਉਹ ਦੋਵੇਂ ਸ਼ਿਅਰ ਮਿਲ ਕੇ ਇੱਕ ਕਤੇਅ (ਕਤਅ) ਦਾ ਰੂਪ ਧਾਰਨ ਕਰ ਜਾਂਦੇ ਹਨ। ਇਹ ਕਾਰੀਗਰੀ ਵੀ ਗ਼ਜ਼ਲ-ਕਲਾ ਵਿੱਚ ਇੱਕ ਖ਼ੂਬੀ ਮੰਨੀ ਜਾਂਦੀ ਹੈ। ਵੇਖੋ ਜਸਵਿੰਦਰ ਮਹਿਰਮ ਦੀ ਐਸੀ ਹੀ ਇੱਕ ਉਸਤਾਦੀ 'ਕਲਾ-ਬਾਜ਼ੀ'।–

ਜੋ ਘੁੱਗ ਵਸਦਾ ਨਗਰ ਸੀ, ਉਹ ਕਿਵੇਂ ਅਜ ਅਧ-ਜਲਾ ਹੋਇਆ।
ਜਿਨ੍ਹਾਂ ਕੀਤਾ ਹੈ ਇਹ ਕਾਰਾ, ਉਨ੍ਹਾਂ ਦਾ ਕੀ ਭਲਾ ਹੋਇਆ?
ਦਿਲਾਂ 'ਤੇ ਕਰਫ਼ਿਊ ਲੱਗਿਆ, ਘਰਾਂ ਵਿਚ ਘਿਰ ਗਏ ਲੋਕੀ,
ਹਰਿਕ ਦੇ ਮੂੰਹ 'ਚੋਂ ਇਹ ਨਿਕਲੇ, 'ਬੁਰਾ ਹੋਇਆ, ਬੁਰਾ ਹੋਇਆ।

ਇਹ ਕੁਝ ਕੁ ਉਦਾਹਰਨਾਂ ਸਨ ਜੋ ਪੇਸ਼ ਕਰਕੇ ਮੈਂ ਇਹ ਦੱਸਣ ਦੀ ਕੋਸ਼ਿਸ਼ ਵਿੱਚ ਸਾਂ ਕਿ ਜਦੋਂ ਮਹਿਰਮ ਨੂੰ ਸ਼ਿਅਰਾਂ ਦੀ ਆਮਦ ਹੁੰਦੀ ਹੈ ਤਾਂ ਉਹ ਸ਼ਿਅਰ ਆਪਣੇ ਆਪ ਹੀ ਇੱਕ ਬਣੀ-ਫੱਬੀ ਕਾਵਿ-ਦੁਹਲਨ ਦੇ ਰੂਪ ਵਿੱਚ ਪਾਠਕਾਂ ਦੇ ਰੂਬਰੂ ਹੋ ਜਾਂਦੇ ਹਨ। ਇਹਨਾਂ ਨੂੰ ਬਾਅਦ ਵਿੱਚ 'ਬਿੰਦੀਆਂ-ਸੁਰਖ਼ੀਆਂ' ਲਾਉਣ ਦੀ ਲੋੜ ਨਹੀਂ ਪੈਂਦੀ। ਇਹ ਸਲਾਹੀਅਤ ਉਸ ਦੇ ਕਲਾਮ ਵਿੱਚੋਂ ਆਪ-ਮੁਹਾਰੇ ਹੀ ਫੁੱਟ-ਫੁੱਟ ਪੈਂਦੀ ਹੈ।

ਜੇ ਮਹਿਰਮ ਦੇ ਕਲਾਮ ਦੇ ਵਿਸ਼ੇ ਪੱਖ ਦੀ ਪੁਣ-ਛਾਣ ਕਰੀਏ ਤਾਂ ਪ੍ਰਤੀਤ ਹੁੰਦਾ ਹੈ ਕਿ 'ਇਹ ਵੀ ਸੱਚ ਹੈ' ਕਿ ਮਹਿਰਮ ਕਿਸੇ ਨਾਲ ਵੀ ਨਫ਼ਰਤ ਕਰ ਹੀ ਨਹੀਂ ਸਕਦਾ। ਜਿਹਨਾਂ ਮਹਾਨੁਭਾਵਾਂ ਨੇ ਕਦੀ ਉਸ ਨਾਲ ਬਦ-ਕਲਾਮੀ ਜਾਂ ਬਦ-ਸਲੂਕੀ ਕੀਤੀ ਹੈ, ਉਹ ਉਹਨਾਂ ਨਾਲ ਵੀ ਸਦਾ ਪ੍ਰੇਮ-ਭਾਵਨਾ ਨਾਲ ਹੀ ਪੇਸ਼ ਆਉਂਦਾ ਹੈ। ਜਸਵਿੰਦਰ 'ਮਹਿਰਮ' ਇੱਕ ਬਹੁਤ ਹੀ ਪਿਆਰ-ਭਿੱਜੀ ਸ਼ਖ਼ਸੀਅਤ ਦਾ ਨਾਮ ਹੈ। ਉਹ ਹਰ ਇੱਕ ਨੂੰ ਦਿਲੋਂ ਮੁਹੱਬਤ ਕਰਦਾ ਹੈ। ਉਸਦੇ ਬੋਲਾਂ ਵਿੱਚੋਂ ਚਾਪਲੂਸੀ ਦੀ ਲਿਜ਼ਲਿਜ਼ਾਹਟ ਦਾ ਨਹੀਂ ਸਗੋਂ ਸੱਚੇ-ਸੁੱਚੇ ਪਿਆਰ ਦੀ ਤਾਜ਼ਾ ਤੇ ਭਿੰਨੀ-ਭਿੰਨੀ ਮਹਿਕੀਲੀ ਮਿੱਠੀ ਚਾਸ਼ਨੀ ਦਾ ਅਹਿਸਾਸ ਪ੍ਰਾਪਤ ਹੁੰਦਾ ਹੈ। ਉਹ ਸੱਚ ਹੀ ਕਹਿੰਦਾ ਹੈ, ਜਦੋਂ ਉਹ ਕਹਿੰਦਾ ਹੈ ਕਿ–

ਨਹੀਂ ਹੁੰਦੀ, ਨਹੀਂ ਹੁੰਦੀ, ਕਿ ਛੱਡ ਉਲਫ਼ਤ ਨਹੀਂ ਹੁੰਦੀ।
ਕਿਸੇ ਦੇ ਨਾਲ ਵੀ ਮੈਥੋਂ ਤਾਂ ਹੁਣ ਨਫ਼ਰਤ ਨਹੀਂ ਹੁੰਦੀ।

ਜੇ ਉਸ ਨੂੰ ਪੁੱਛੋ ਕਿ ਇਹ ਕਲਮਕਾਰੀ ਦਾ ਸਬਬ ਕਿਵੇਂ ਬਣਿਆਂ, ਤਾਂ ਕਹੇਗਾ-

ਪਿਆਰ ਮੁਹੱਬਤ, ਮੇਲ ਵਿਛੋੜਾ, ਦਰਦ, ਤਸੀਹੇ, ਰੋਸੇ, ਧੋਖੇ,
ਜੋ ਵੀ ਦਿਲ ਨੂੰ ਲੱਗ ਜਾਂਦਾ ਹੈ, ਹੱਥ ਵਿੱਚ ਕਲਮ ਫੜਾ ਦਿੰਦਾ ਹੈ।

'ਸੱਚ ਤਾਂ ਇਹ ਵੀ ਹੈ' ਕਿ ਗ਼ਜ਼ਲ ਦੇ ਗਲ ਲੱਗਣ ਵਿੱਚ ਵੀ ਮਹਿਰਮ ਜਿਹੇ ਨਿਸੁਆਰਥੀ-ਇਨਸਾਨ ਨੂੰ ਵੀ ਕੋਈ ਆਪਣਾ ਸੁਆਰਥ ਤਾਂ ਦਿੱਸਿਆ ਹੀ ਹੋਵੇਗਾ, ਨਹੀਂ ਤਾਂ ਕੌਣ ਐਵੇਂ ਮਗ਼ਜ਼-ਪੱਚੀਆਂ ਕਰਦਾ ਫਿਰਦਾ ਏ ? -

ਤਿਰੇ ਮਗਰੋਂ ਮੈਂ ਕਿਸ ਦੇ ਨਾਲ ਕਰਦਾ ਦਿਲ ਦੀਆਂ ਗੱਲਾਂ,
ਗ਼ਜ਼ਲ ਨੇ ਬਾਂਹ ਫੜੀ 'ਮਹਿਰਮ' ਤਾਂ ਫਿਰ ਕੁਝ ਆਸਰਾ ਹੋਇਆ।

ਭਾਵੇਂ ਅੱਜ-ਕੱਲ੍ਹ ਦੇ ਜ਼ਮਾਨੇ ਵਿੱਚ ਸੱਚ ਸੁਣਨਾ ਬਹੁਤ ਔਖਾ ਹੈ ਪਰ 'ਇਹ ਵੀ ਸੱਚ ਹੈ' ਕਿ ਸੱਚ ਬੋਲਣਾ ਉਸ ਤੋਂ ਵੀ ਔਖਾ ਕਾਰਜ ਹੈ, ਕਿਉਂਕਿ ਸੱਚ ਸੁਣਦਾ ਕੌਣ ਹੈ? ਬਰਦਾਸ਼ਤ ਕੌਣ ਕਰਦਾ ਹੈ? ਪਰ ਜਸਵਿੰਦਰ ਦੀ ਨਜ਼ਰ ਵਿੱਚ ਤਾਂ ਅਸਲ 'ਨਰ' ਦੀ ਪਹਿਚਾਣ ਹੀ ਇਹ ਹੈ ਕਿ-

ਸੱਚ ਕਹਿ ਕੇ ਬਣਦੇ ਹਾਂ ਮਾੜੇ, ਸੱਚ ਸੁਣ ਕੇ ਲਗਦਾ ਹੈ ਮਾੜਾ,
ਪਰ ਜੋ ਏਨੀ ਹਿੰਮਤ ਕਰਦੈ, ਮੈਨੂੰ ਓਹੀ 'ਨਰ' ਲਗਦਾ ਹੈ।

ਮਹਿਰਮ ਆਪ ਆਪਣੀ ਕਹਿਣੀ 'ਤੇ ਨਿਭਣ ਦੀ ਭਰਪੂਰ ਕੋਸ਼ਿਸ਼ ਕਰਦਾ ਹੈ ਪਰ ਜਿਹੜੇ ਲੋਕ 'ਕਹਿਣੀ ਦੇ ਗ਼ਾਜ਼ੀ ਤੇ ਕਰਨੀ ਦੇ ਪਾਜ਼ੀ' ਹਨ ਉਹਨਾਂ ਤੇ ਵਿਅੰਗ ਕੱਸਣੋਂ ਵੀ ਉਹ ਟਾਲਾ ਨਹੀਂ ਵੱਟਦਾ। ਕਹਿੰਦੈ-

ਜੋ ਕਹੇ ਉਸਦੀ ਕਲਾ, ਫ਼ਨਕਾਰ ਦਾ ਵੀ,
ਵੈਸਾ ਹੀ ਕਿਰਦਾਰ ਹੋਵੇ, ਲਾਜ਼ਮੀ ਨਈਂ।

ਭਾਵੇਂ ਜਸਵਿੰਦਰ ਬਹੁਤ ਮੁਹੱਬਤੀ-ਰੂਹ ਹੈ ਪਰ ਉਸ ਨੇ ਮੁਹੱਬਤ ਬਾਰੇ ਬਹੁਤ ਸੰਕੋਚਵਾਂ ਹੀ ਲਿਖਿਆ ਹੈ। ਸ਼ਾਇਦ ਇਸ ਕਰਕੇ ਕਿ ਉਹ ਧਰਾਤਲੀ-ਹਕੀਕਤਾਂ ਦਾ ਵਕਤਾ ਹੈ ਤੇ ਇਸ਼ਕ ਆਮ ਤੌਰ 'ਤੇ ਖ਼ਾਬ-ਸਾਜ਼ ਰਿਹਾ ਹੈ-

ਇਸ਼ਕ ਤੇਰੇ ਦਾ ਦਿਲ ਦੇ ਬਾਗੀਂ ਖਿੜਿਆ ਜਦੋਂ ਗੁਲਾਬ।
ਨੈਣਾਂ ਦੇ ਦਰ ਆ ਬੈਠੇ ਕਈ ਸੱਜਰੇ ਮਿਠੜੇ ਖ਼ਾਬ।

ਉਸ ਦਾ ਮੰਨਣਾ ਹੈ ਕਿ-

ਜਦ ਮੀਤ ਪਿਆਰੇ ਦੀ, ਤਸਵੀਰ ਵਸੇ ਦਿਲ ਵਿੱਚ।
ਫਿਰ ਇਸ਼ਕ ਮੁਹੱਬਤ ਦਾ, ਇੱਕ ਦੀਪ ਜਲੇ ਦਿਲ ਵਿੱਚ।

ਨਿੱਜੀ ਤੌਰ 'ਤੇ ਉਸ ਦੇ ਆਪਣੇ ਪਿਆਰੇ ਦਾ ਮਿਲਣਾ ਵੀ ਉਸ ਨੂੰ ਪ੍ਰਮਾਤਮਾ ਦੀ ਬਖ਼ਸ਼ੀਸ਼ ਹੀ ਪ੍ਰਤੀਤ ਹੁੰਦਾ ਹੈ ਤੇ ਉਹ ਕਿੰਨੀਂ ਸੁਹਿਰਦਤਾ ਨਾਲ ਇਹ ਮੌਕਾ ਸਭ ਨੂੰ ਮਿਲਣ ਵਾਸਤੇ ਕਾਮਨਾ ਕਰਦਾ ਹੈ-

ਖ਼ੁਦਾ ਜਾਣੇ, ਕਿਵੇਂ ਇਤਫ਼ਾਕ ਬਣਿਆ, ਮਿਲ ਗਏ ਆਪਾਂ,
ਦੁਆ ਕਰੀਏ ਕਿ ਸਭ ਨੂੰ ਹੀ, ਇਵੇਂ ਮੌਕਾ ਖ਼ੁਦਾ ਦੇਵੇ।

ਮਹਿਰਮ ਦੀ ਗੱਲ ਕਰਦਿਆਂ ਮੈਨੂੰ ਆਪਣੀ ਕਾਹਲੀ-ਤਬੀਅਤ 'ਤੇ ਕਿਹਾ ਹੋਇਆ ਮੇਰਾ ਹੀ ਇੱਕ ਸ਼ਿਅਰ ਯਾਦ ਆ ਗਿਆ, ਸੋ ਉਹ ਵੀ ਤਹੁਡੇ ਨਾਲ ਸਾਂਝਾ ਕਰ ਹੀ ਲਵਾਂ। ਲਿਖਿਆ ਹੈ-

ਕਿਤੇ ਮੈਂ ਫਿਰ ਨਾ ਭੁੱਲ ਜਾਵਾਂ, ਤੂੰ ਮੇਰੀ ਗੱਲ ਹੁਣੇ ਸੁਣ ਲੈ!
ਦੋ ਪਲ਼ ਖ਼ੁਦ-ਗਰਜ਼ ਲੋਕਾਂ ਤੋਂ, ਤੂੰ ਪਾਸੇ ਚੱਲ, ਹੁਣੇ ਸੁਣ ਲੈ!

ਪਰ ਜਸਵਿੰਦਰ ਮੇਰੀ ਸਾਹਿਤਕ-ਵਿਰਾਸਤ ਦਾ ਵਾਰਿਸ ਹੋਣ ਦੇ ਬਾਵਜੂਦ ਵੀ ਇਸ ਮਸਲੇ 'ਚ ਬਹੁਤ ਖੁੱਲ੍ਹ-ਦਿਲਾ ਦਿਲਦਾਰ ਹੈ। ਉਹ ਆਪਣੇ ਮਹਿਬੂਬ ਨੂੰ ਕਿਸੇ ਗੱਲ ਦੀ ਵੀ ਕਾਹਲੀ ਨਹੀਂ ਪਾਉਂਦਾ। ਸਗੋਂ ਬੜੀਆਂ ਖੁੱਲ੍ਹੀਆਂ ਛੁੱਟੀਆਂ ਦੇ ਛੱਡਦਾ ਹੈ-

ਇਹ ਨੈਣ ਅਸਾਡੇ ਵੀ, ਤੱਕ ਲੈਣ ਨਜ਼ਰ ਭਰਕੇ,
ਜੇ ਝਲਕ ਦਿਖਾ ਜਾਵੇਂ, ਇੱਕ ਵਾਰ 'ਜਦੋਂ ਮਰਜ਼ੀ।'

ਇੱਥੇ ਮੇਰੇ 'ਹੁਣੇ ਸੁਣ ਲੈ' ਅਤੇ ਮਹਿਰਮ ਦੇ 'ਜਦੋਂ ਮਰਜ਼ੀ' ਦਾ ਤਕਰਾਰ ਬਹੁਤ ਅੱਛਾ ਲੱਗਦਾ ਹੈ। ਇੱਕ ਵਾਰ ਮੈਂ ਲਿਖਿਆ ਸੀ-

ਮੇਰੇ ਤੋਂ ਦੂਰ ਸੈਂ ਤੂੰ, ਉਹ ਹੋਰ ਗੱਲ ਸੀ ਪਹਿਲਾਂ,
ਹੁਣ ਖ਼ੁਸ਼ ਨਾ ਰਹਿ ਸਕੇਂਗਾ, ਮੇਰੇ ਤੋਂ ਦੂਰ ਹੋ ਕੇ।

ਸ਼ਾਇਦ ਮਹਿਰਮ ਇਸੇ ਹਕੀਕਤ ਤੋਂ ਖ਼ੌਫ਼ਜ਼ਦਾ ਹੈ ਤਾਂ ਹੀ ਤਾਂ ਕਹਿੰਦਾ ਹੈ ਕਿ-

ਮਹਿਬੂਬ ਨੂੰ ਹਮੇਸ਼ਾ, ਤਰਲਾ ਕਰੇ ਮੁਹੱਬਤ,
ਜਾਵੀਂ ਨਾ ਦੂਰ ਮੈਥੋਂ, ਏਨਾ ਕਰੀਬ ਹੋ ਕੇ।

ਕਹਿੰਦੇ ਵੀ ਹਨ ਤੇ ਹਕੀਕਤ ਵੀ ਇਹੋ ਹੈ ਕਿ 'ਵੰਡਣ ਨਾਲ ਦੁੱਖ ਘਟਦਾ ਏ ਤੇ ਪਿਆਰ ਵਧਦਾ ਏ' ਇਸੇ ਹਕੀਕਤ ਨੂੰ ਮਹਿਰਮ ਆਪਣੇ ਸ਼ਿਅਰ ਵਿੱਚ ਇਉਂ ਬਿਆਨਦਾ ਹੈ-

ਗਿਆ ਗ਼ਮਗੀਨ ਸੀ, ਮੁੜਿਐ ਤਾਂ ਹੌਲਾ ਫੁੱਲ ਜਿਹਾ ਲੱਗਿਆ,
ਸੁਣਾ ਕੇ ਯਾਰ ਨੂੰ ਦੁੱਖ, ਭਾਰ ਦਿਲ ਤੋਂ ਲਹਿ ਗਿਆ ਹੋਣੈ।

ਜਸਵਿੰਦਰ ਬਾਖ਼ੂਬੀ ਜਾਣਦਾ ਹੈ ਕਿ-

ਪੈਸਾ ਮਿਲੇ ਤਾਂ ਆਦਮੀ ਸਭ ਕੁਝ ਖਰੀਦੇ 'ਮਹਿਰਮਾ',
ਪਹਿਚਾਨ ਵੀ, ਅਹਿਸਾਨ ਵੀ, ਸਨਮਾਨ ਵੀ, ਭਗਵਾਨ ਵੀ।

ਸਾਡੇ 'ਲੋਕ-ਰਾਜ' ਦੀ ਮੰਡੀ ਵਿੱਚ ਹਰ ਵਸਤ ਵਿਕਾਊ ਹੈ। ਇਸੇ ਕਾਰਨ ਜ਼ਮੀਰਾਂ ਵਾਲੇ ਲੋਕਾਂ ਦਾ 'ਲੋਕ-ਰਾਜ' ਦਾ ਭਰਮ ਵੀ ਟੁੱਟ ਰਿਹਾ ਏ ਤੇ ਇਸ ਪ੍ਰਤੀ ਮੋਹ ਵੀ ਭੰਗ ਹੋ ਰਿਹਾ ਏ-

ਇਹ ਲੋਕਾਂ ਦਾ ਰਾਜ ਹੈ, ਭਰਮ ਰਿਹਾ ਏ ਟੁੱਟ।
ਦੇਸ਼ ਦੇ ਲੀਡਰ ਦੇਸ਼ ਨੂੰ, ਆਪ ਰਹੇ ਨੇ ਲੁੱਟ।

ਲੋਕ-ਰਾਜੀ ਰਹਿਬਰਾਂ ਦੀ ਸੋਚ ਤਾਂ ਇੱਥੇ ਕੁ ਹੀ ਟਿਕੀ ਹੋਈ ਹੈ ਕਿ ਦੇਸ਼ ਵਾਸਤੇ, ਦੇਸ਼ ਦੀ ਪਰਜਾ ਵਾਸਤੇ ਮੈਂ ਕੁਝ ਕਰਾਂਗਾ ਤਾਂ ਮੈਨੂੰ ਕੀ ਮਿਲੂ?

ਸਹੂਲਤ ਦੇਣ ਤੋਂ ਪਹਿਲਾਂ, ਹੈ ਹਾਕਮ ਦੇਖਦਾ ਏਥੇ,
ਕਿ ਖ਼ੁਦ ਉਸਨੇ, ਕਿਵੇਂ, ਕਿੰਨਾ, ਨਫ਼ਾ ਲੈਣਾ ਸਹੂਲਤ ਦਾ।

ਜੰਤਾ ਦੀ ਯਾਦਦਾਸ਼ਤ ਬਹੁਤ ਕਮਜ਼ੋਰ ਹੈ। ਇਸ ਗੱਲ ਤੋਂ ਸ਼ਾਇਰ ਬਹੁਤ ਦੁਖੀ ਹੈ ਕਿ ਜੰਤਾ ਦੇ ਆਪਣੇ ਹੀ ਬਣਾਏ ਹੋਏ ਨੇਤਾ ਤੇ ਵਜ਼ੀਰ ਹਰ ਵਾਰ ਪੂੰਜੀ-ਪਤੀਆਂ ਦੇ ਹੱਥਾਂ ਵਿੱਚ ਵਿਕ ਜਾਂਦੇ ਹਨ ਤੇ ਫਿਰ ਉਹਨਾਂ ਦੇ ਹਿਤ ਵਿੱਚ ਹੀ ਕੰਮ ਕਰਦੇ ਹਨ। ਜਦ ਕਿ ਜੰਤਾ ਪੰਜ ਸਾਲ ਜ਼ੁਲਮ ਸਹਿ-ਸਹਿ ਕੇ ਵੀ ਇਲੈਕਸ਼ਨਾਂ ਵਿੱਚ ਫਿਰ ਉਹਨਾਂ ਬਹੁ-ਰੂਪੀਆਂ

ਦੇ ਝਾਂਸੇ ਜਾਂ ਵਕਤੀ ਲਾਲਚ ਵਿੱਚ ਆ ਜਾਂਦੀ ਹੈ ਤੇ ਉਹਨਾਂ ਨੂੰ ਹੀ ਫਿਰ ਕੁਰਸੀਆਂ ’ਤੇ ਬਿਠਾ ਦਿੰਦੀ ਹੈ।

ਤਕੜੇ ਦੇ ਹੱਥ ਦੀ ਕਠ-ਪੁਤਲੀ ਬਣ ਜਾਂਦੈ ਹਰ ਵਾਰੀ ਹਾਕਮ,
ਮਾੜ੍ਹਰ ਬੰਦਾ ਮੁੜ-ਮੁੜ ਉਸ ਦੇ ਸਿਰ ’ਤੇ ਤਾਜ ਸਜਾ ਦਿੰਦਾ ਹੈ।

ਪਰ ਅਜਿਹਾ ਸਭ ਕੁਝ ਹੋਣ ਦੇ ਬਾਵਜੂਦ ਵੀ ਮਹਿਰਮ ਨੂੰ ਇਹ ਆਸ ਜ਼ਰੂਰ ਹੈ ਕਿ ਇੱਕ ਨਾ ਇੱਕ ਦਿਨ ਜੰਤਾ ਜ਼ਰੂਰ ਜਾਗੇਗੀ।

ਅਜੇ ਤਾਂ ਨੋਟ ਬਦਲੇ ਵੋਟ ਵਿਕਦੀ ਹੈ ਗ਼ਰੀਬਾਂ ਦੀ,
ਜਦੋਂ ਇਹ ਲੋਕ ਜਾਗੇ, ਤਖ਼ਤ ਪਲਟਣਗੇ ਹਕੂਮਤ ਦਾ।

ਸ਼ਾਇਰ ਜਾਣਦਾ ਹੈ ਕਿ ਅਨਜਾਣਤਾ ਅਤੇ ਨਾ-ਇਤਫ਼ਾਕੀ ਕਾਰਨ ਹੀ ਮਜ਼ਲੂਮ ਨੂੰ ਜ਼ੁਲਮ ਦੀ ਚੱਕੀ ਵਿੱਚ ਪਿਸਣਾ ਪੈ ਰਿਹਾ ਹੈ ਪਰ ਇਨਸਾਨ ਦੀਆਂ ਖ਼ੁਦਗ਼ਰਜ਼ੀਆਂ ਅਤੇ ਬੇਇਤਬਾਰੀਆਂ ਉਸ ਨੂੰ ਹਮੇਸ਼ਾ ਖੱਖੜੀਆਂ-ਕਰੇਲੇ ਕਰੀ ਰੱਖਦੀਆਂ ਹਨ।

ਉਹ ਕੱਲੇ ਕੱਲੇ ਹੋ ਕੇ ਜ਼ੁਲਮ ਸਹਿੰਦੇ ਜਾਂਦੇ ਨੇ ‘ਮਹਿਰਮ’,
ਜੇ ਇੱਕ ਜੁੱਟ ਹੋ ਗਏ ਹੁੰਦੇ ਤਾਂ ਇਹ ਹਾਲਤ ਨਹੀਂ ਹੁੰਦੀ।

ਮਹਿਰਮ ਕਿਰਤੀ-ਯੂਨੀਅਨਾਂ ਦੀ ਨਿੱਤ ਹੁੰਦੀ ਟੁੱਟ-ਭੱਜ ਤੋਂ ਬਹੁਤ ਦੁਖੀ ਹੈ-
ਹੁਣ ਨਾ ਮਿਲਦੀ ਏਕਤਾ, ਕਿਸ ਨੇ ਲੜਨੇ ਘੋਲ,
ਦਸ ਦਸ ਬੰਦੇ ਤੁਰ ਪਏ, ਬਣ ਬਣ ਵੱਖਰਾ ਗੁੱਟ।

ਅੱਜ-ਕੱਲ੍ਹ ਜ਼ਿੰਦਗੀ ਵੀ ਇੱਕ ਦੌੜ ਬਣ ਕੇ ਰਹਿ ਗਈ ਹੈ। ਹਰ ਪਾਸੇ ਹਰ ਕਿਸੇ ਦੀ ਪੂਛ ਨੂੰ ਅੱਗ ਲੱਗੀ ਹੋਈ ਪ੍ਰਤੀਤ ਹੋ ਰਹੀ ਹੈ-

ਪੈਸੇ ਦੀ ਦੌੜ ਪਿੱਛੇ, ਮਸਰੂਫ਼ ਹੈ ਉਹ ਏਨਾ,
ਦੱਸੋ, ਨਾ ਹਾਲ ਪੁੱਛੇ, ਦੋ ਚਾਰ ਪਲ ਖਲੋ ਕੇ।

ਅੱਜ-ਕੱਲ੍ਹ ਸਾਡੇ ਸਮਾਜ ਨੂੰ ਇੱਕ ਵੱਡਾ ਦੁੱਖ ਇਹ ਵੀ ਹੈ ਕਿ ਬੱਚਿਆਂ ਲਈ ਆਪਣੀ ਰੋਟੀ ਕਮਾਉਣੀ ਵੀ ਮੁਸ਼ਕਿਲ ਹੋ ਗਈ ਹੈ। ਬੇਰੁਜ਼ਗਾਰੀ ਦੇ ਮਾਰੇ ਉਹ ਵਿਚਾਰੇ ਅੱਕੀਂ-ਫਲਾਹੀਂ ਹੱਥ ਮਾਰਦੇ ਫਿਰਦੇ ਨੇ। ਇਸੇ ਮਜ਼ਬੂਰੀ ਵੱਸ ਉਹ ਆਪਣੇ ਮਾਪਿਆਂ, ਭਰਾਵਾਂ-ਭੈਣਾਂ, ਸਾਕਾਂ-ਸਬੰਧੀਆਂ ਤੇ ਆਪਣੇ ਦੇਸ਼, ਆਪਣੀ ਮਿੱਟੀ ਨੂੰ ਵੀ ਤਿਆਗ ਕੇ ਪਰਦੇਸ਼ਾਂ ਵਿੱਚ ਖ਼ਾਨਾਂ-ਬਿਦੋਸ਼ਾਂ ਦੀ ਜ਼ਿੰਦਗੀ ਜੀਣ ਲਈ ਮਜ਼ਬੂਰ ਹਨ। ਇਸੇ ਤ੍ਰਾਸਦੀ ਦੀ ਤਹਿ ਤੱਕ ਪਹੁੰਚਦਾ ਸ਼ਾਇਰ ਪੁਕਾਰ ਉੱਠਦਾ ਹੈ-

ਜਵਾਨੀ ਪੇਟ ਦੀ ਖ਼ਾਤਿਰ, ਕਦੇ ਪਰਦੇਸ ਨਾ ਜਾਂਦੀ,
ਸਹੀ ਮੁੱਲ ਪੈਂਦਾ ਏਥੇ ਵੀ, ਜੇ ਡਿਗਰੀ ਦਾ, ਲਿਆਕਤ ਦਾ।

ਤੇ ਉਹਨਾਂ ਪਰਦੇਸੀ ਹੋ ਗਏ ਆਪਣਿਆਂ ਦੇ ‘ਆਪਣੇ’ ਬਸ ਇਹੋ ਹੀ ਕਹਿਣ ਜੋਗੇ ਰਹਿ ਜਾਂਦੇ ਨੇ-

ਪੱਕਾ ਠਿਕਾਣਾ ਵੀ ਬਣਾ ਬੇਸ਼ੱਕ ਬਿਗਾਨੇ ਦੇਸ਼ ਵਿੱਚ,
ਫਿਰ ਵੀ ਕਦੇ ਪਰਦੇਸੀਆ, ਮੁੜ ਆਣ ਦੀ ਕੋਸ਼ਿਸ਼ ਕਰੀਂ।

ਜੇ ਵਲਾਇਤੀ ਲਾੜਿਆਂ ਹੱਥੋਂ ਬੇਪੱਤ ਹੋਈਆਂ ਤੇ ਪਿੱਛੇ ਛੁੱਟੜਾਂ ਦਾ ਜੀਵਨ ਜੀ ਰਹੀਆਂ ਮੁਟਿਆਰਾਂ ਦੇ ਦੁੱਖ ਦੀ ਗੱਲ ਕਰੀਏ ਤਾਂ ਸਮਝ ਆਉਂਦੀ ਹੈ ਕਿ ਇਹਨਾਂ ਕੁੜੀਆਂ ਦੇ ਗ਼ਰੀਬ ਮਾਪਿਆਂ ਦੀ ਮਜਬੂਰੀ ਅਤੇ ਸਾਰੇ ਪਰਿਵਾਰ ਨੂੰ ਪਰਦੇਸ ਲੈ ਜਾਣ ਦੀ ਲਾਲਸਾ

ਹੀ ਅਸਲ ਵਿੱਚ ਪਰਵਾਸੀ (ਅਣਜੋੜ) ਲਾੜਿਆਂ ਲਈ ਵਰਦਾਨ ਹੋ ਨਿੱਬੜਦੀ ਹੈ-

ਮਜਬੂਰੀ ਵੱਸ ਜੁੜਿਆ ਲੱਗਦੈ ਇਸ ਜੋੜੇ ਦਾ ਜੋੜ,
'ਲੂਣਾ' ਸਿਖ਼ਰ ਦੁਪਹਿਰ ਜਿਹੀ ਹੈ, ਢਲਦਾ ਦਿਨ 'ਸਲਵਾਨ'।

ਇਨਸਾਨ ਜਿੰਨਾਂ ਵਿਦਵਾਨ ਤੇ ਧਨਵਾਨ ਹੁੰਦਾ ਜਾਂਦਾ ਹੈ ਓਨਾ ਹੀ ਉਹ ਸਮਾਜਕ ਬੁਰਾਈਆਂ ਵਿੱਚ ਹੋਰ ਧਸਦਾ ਜਾ ਰਿਹਾ ਹੈ। ਗ਼ਰੀਬ ਤੋਂ ਗ਼ਰੀਬ ਤੋਂ ਲੈ ਕੇ ਅਮੀਰ ਤੋਂ ਅਮੀਰ ਆਦਮੀ ਵੀ ਅੱਜ ਦਾਜ ਦੇ ਲੋਭ ਦੀ ਬਿਮਾਰੀ ਵਿੱਚ ਗ੍ਰੱਸਿਆ ਦਿੱਸਦਾ ਹੈ।-

ਮਨਹੂਸ ਆਖ ਉਸਨੂੰ, ਪਾ ਤੇਲ ਸਾੜ ਦਿੱਤੈ,
ਦਹਿਲੀਜ਼ ਤੋਂ ਲੰਘਾਇਆ, ਜਿਸਨੂੰ ਸੀ ਤੇਲ ਚੋ ਕੇ।

ਇਸੇ ਦਾਜ ਦੀ ਡੈਣ ਦੀ ਹੀ ਕੁੱਖ 'ਚੋਂ ਨਿਕਲੀ ਇੱਕ ਬਹੁਤ ਹੀ ਭਿਆਨਕ ਰਾਖਸ਼ਸੀ ਦਾ ਨਾਮ ਹੈ 'ਭਰੂਨ-ਹੱਤਿਆ', ਜਿਸ ਨੇ ਮੇਰੇ ਦੇਸ਼ ਦੀਆਂ ਧੀਆਂ-ਧਿਆਣੀਆਂ ਦਾ ਖੁਰਾ-ਖੋਜ ਮਿਟਾ ਦੇਣ ਦਾ ਚੁੱਕਣ ਚੁੱਕਿਆ ਹੋਇਆ ਹੈ। ਜਸਵਿੰਦਰ ਇਸ ਮਹਾਂਮਾਰੀ ਬਾਰੇ ਵੀ ਬਹੁਤ ਸੁਚੇਤ ਹੋ ਕੇ ਲਾਮ-ਬੰਦ ਹੈ-

ਕਦੇ ਸੁੱਖ ਪਾ ਨਹੀਂ ਸਕਦੇ ਉਹ ਲੜਕੇ ਤੋਂ, ਜਿਨ੍ਹਾਂ ਕੋਲੋਂ,
ਬਹੂ ਦੇ ਪੇਟ ਵਿੱਚ ਪਲਦੀ, ਕੁੜੀ ਦੇਖੀ ਨਹੀਂ ਜਾਂਦੀ।

ਅਸਲ ਵਿੱਚ ਅਸੀਂ ਭਾਵੇਂ ਕਿੰਨੇਂ ਅਗਾਂਹ-ਵਧੂ ਹੋਣ ਦੇ ਦਮਗਜੇ ਮਾਰਦੇ ਫਿਰੀਏ, ਮਰਦ-ਪ੍ਰਧਾਨ ਸਮਾਜ ਵਿੱਚ ਔਰਤ ਨੂੰ ਇੱਜ਼ਤ-ਮਾਣ ਵਾਲੀ ਥਾਂ ਮਿਲ ਹੀ ਨਹੀਂ ਸਕਦੀ। ਮਰਦ ਅੱਜ ਵੀ ਤ੍ਰੀਮਤ ਨੂੰ ਇਵੇਂ ਸਮਝਦੇ ਹਨ ਜਿਵੇਂ ਉਹ ਇੱਕ ਮੁੱਲ ਖਰੀਦ ਕੇ ਲਿਆਂਦੀ ਵਸਤੂ ਹੋਵੇ, ਜਿਸ ਨੂੰ ਜਿੰਨਾਂ ਚਿਰ ਮਰਜ਼ੀ ਵਰਤੋ ਤੇ ਜਦੋਂ ਮਰਜ਼ੀ ਕੂੜੇ 'ਤੇ ਸੁੱਟ ਦਿਉ। ਜਸਵਿੰਦਰ ਰਾਹੀਂ ਹੇਠ ਦਿੱਤੇ ਸ਼ਿਅਰ ਵਰਗੀ ਤਸਵੀਰ ਦਾ ਝਲਕਾਰਾ ਸਾਡੇ ਪਿੰਡਾਂ-ਸ਼ਹਿਰਾਂ ਵਿੱਚ ਆਮ ਹੀ ਵੇਖਿਆ ਜਾ ਸਕਦਾ ਹੈ-

ਦਿਨ ਵਿਚ ਇਕ-ਦੋ ਵਾਰੀ ਪੱਕਾ, 'ਛਡ ਜੂੰ, ਛਡ ਜੂੰ' ਕਹਿੰਦਾ ਮਾਹੀ,
ਨਾ ਜਾਣੇ ਕਿਉਂ ਸੌਖਾ ਸਮਝੇ, ਢਾਹ ਕੇ ਫੇਰ ਬਨਾਉਣਾ ਘਰ ਨੂੰ?

ਜਸਵਿੰਦਰ ਅਖਾਉਤੀ ਤੌਰ 'ਤੇ ਬਹੁਤ ਪ੍ਰਗਤੀਸ਼ੀਲ ਅਖਵਾਉਣ ਵਿੱਚ ਵਿਸ਼ਵਾਸ ਨਹੀਂ ਰੱਖਦਾ। ਉਹ ਤਾਂ ਸਮਾਜ ਦੀਆਂ ਧਰਾਤਲੀ-ਹਕੀਕਤਾਂ ਨੂੰ ਪਹਿਚਾਣ ਕੇ ਹੀ ਸੋਚਦਾ ਤੇ ਗੱਲ ਕਰਦਾ ਹੈ। ਉਸ ਅਨੁਸਾਰ ਸਿਆਣਿਆਂ ਦਾ ਕਿਹਾ 'ਇਹ ਵੀ ਸੱਚ ਹੈ' ਕਿ 'ਮੁੰਡਾ ਤੇ ਰੰਬਾ ਚੰਡ ਕੇ ਹੀ ਰੱਖਣਾ ਚਾਹੀਦਾ ਹੈ।' ਬੇਮੁਹਾਰੀ ਔਲਾਦ ਅਕਸਰ ਹੀ ਵਿਗੜ ਜਾਂਦੀ ਹੈ। ਅਨਜਾਣ ਬੱਚੇ ਨੂੰ ਅੱਗ ਨਾਲ ਖੇਡਣੋਂ ਤਾਂ ਰੋਕਣਾ ਹੀ ਪਊ। ਪੱਛਮੀ ਦੇਸ਼ਾਂ ਨੇ ਬੱਚਿਆਂ ਨੂੰ ਝਿੜਕਣ ਤੋਂ ਵਰਤੀ ਬੇਪਰਵਾਹੀ ਤੋਂ ਬੜਾ ਕੁਝ ਗੁਆ ਲਿਆ ਹੈ ਤੇ ਹੁਣ ਮੱਛੀ ਪੱਥਰ ਚੱਟ ਕੇ ਮੁੜ ਰਹੀ ਹੈ, ਜਦ ਕਿ ਅਸੀਂ ਅਜੇ ਵੀ ਉਸੇ ਅਲੂਣੀ ਸਿੱਲ ਨੂੰ ਚੱਟਣ ਦੀ ਜ਼ਿਦ ਵਿੱਚ ਉਧਰ ਨੂੰ ਹੀ ਅੱਗੇ ਵਧੀ ਜਾ ਰਹੇ ਹਾਂ। ਮਹਿਰਮ ਇਸ ਮਸਲੇ ਵਿੱਚ ਵੀ ਬੇਲੋੜੀ ਭਾਵਕਤਾ ਨਹੀਂ ਵਿਖਾਉਂਦਾ ਤੇ ਬੜੀ ਪ੍ਰੈਕਟੀਕਲ ਗੱਲ ਕਰਦਾ ਹੈ-

ਬੱਚਾ ਜਦੋਂ ਵੀ ਆਪਣਾ, ਭੁੱਲ ਕੇ ਕੁਰਾਹੇ ਜਾ ਪਵੇ,
ਲਾਗੇ ਬਿਠਾ ਕੇ ਓਸਨੂੰ ਸਮਝਾਣ ਦੀ ਕੋਸ਼ਿਸ਼ ਕਰੀਂ।

ਤੇ ਜੇ ਬੱਚਾ ਪਿਆਰ ਨਾਲ ਗੱਲ ਨਾ ਸਮਝੇ ਤਾਂ? ਤਾਂ ਫਿਰ ਜਸਵਿੰਦਰ ਠੀਕ ਕਹਿੰਦੈ ਕਿ-

ਮੁਹੱਬਤ ਇਹ ਨਹੀਂ, ਔਲਾਦ ਨੂੰ ਸਿਰ ਚਾੜ੍ਹ ਕੇ ਰੱਖੋ,
ਕੁਰਾਹੇ ਪੈ ਰਿਹਾ ਬੱਚਾ, ਕਦੇ ਤਾਂ ਝਿੜਕਣਾ ਪੈਂਦੈ।

ਬੱਚਿਆਂ ਪ੍ਰਤੀ ਹੀ ਨਹੀਂ ਉਹ ਤਾਂ ਆਮ ਸਮਾਜਕ ਵਰਤਾਰੇ ਵਿੱਚ ਵੀ ਕਹਿੰਦੈ ਕਿ-

ਨਹੀਂ ਹੁੰਦਾ ਭਲਾ ਇਸ ਵਿਚ, 'ਭਲਾ' ਆਖੋ ਜੇ ਹਰ ਵੇਲੇ,
ਭਲੇ ਦੇ ਵਾਸਤੇ ਯਾਰੋ, 'ਬੁਰਾ' ਵੀ ਬੋਲਣਾ ਪੈਂਦੈ।

ਇਸ ਜ਼ਰੂਰੀ ਫ਼ਰਜ਼ ਵੱਲੋਂ ਕੁਤਾਹੀ ਅਤੇ ਬੇਰੁਜ਼ਗਾਰ ਨੌਜਵਾਨ ਕਿੱਥੇ ਤੇ ਕਿਸ ਹਾਲ ਵਿੱਚ ਦਿਨ ਲੰਘਾਉਂਦੇ ਹਨ ਇਸ ਵੱਲੋਂ ਬੇਪਰਵਾਹੀ ਨੇ ਹੀ ਸਾਡੇ ਨੌਜਵਾਨਾਂ ਨੂੰ ਗ਼ਲਤ ਰਾਹਾਂ ਦੇ ਰਾਹੀ ਬਣਾ ਦਿੱਤਾ ਹੈ। ਨਸ਼ਿਆਂ ਦੀ ਸਿਓਂਕ ਸਾਡੇ ਸਰੂਆਂ ਵਰਗੇ ਬੱਚਿਆਂ ਨੂੰ ਖਾ ਗਈ ਹੈ-

ਸ਼ੇਰਾਂ ਵਰਗੇ ਪੁੱਤਰਾਂ ਨੂੰ ਜਦ ਘੁਣ ਨਸ਼ਿਆਂ ਦਾ ਲੱਗਾ,
ਢਿੱਡ 'ਚ ਮੁੱਕੀਆਂ ਮਾਰਨ, ਵਿਲਕਣ, ਤੜਫਣ, ਝੂਰਨ ਮਾਵਾਂ।

ਬੱਚਿਆਂ ਪ੍ਰਤੀ ਅਣਗਹਿਲੀ ਜਾਂ ਲੋੜੋਂ ਵੱਧ ਲਾਡ-ਪਿਆਰ ਦਾ ਹੀ ਨਤੀਜ਼ਾ ਹੈ ਕਿ ਅੱਜ ਸਮਾਜਕ ਰਿਸ਼ਤੇ ਬੁਰੀ ਤਰ੍ਹਾਂ ਤਿੜਕ ਰਹੇ ਨੇ। ਬੱਚਿਆਂ ਨੂੰ ਸਹੀ ਸਮੇਂ ਤੇ ਸਹੀ ਸੇਧ ਨਾ ਦਿੱਤੇ ਜਾਣ ਕਾਰਨ ਬੱਚੇ, ਬਜ਼ੁਰਗਾਂ ਦੀ ਉਹਨਾਂ ਪ੍ਰਤੀ ਦੇਣ ਅਤੇ ਉਹਨਾਂ ਨੂੰ ਬਣਦਾ ਸਤਿਕਾਰ ਦੇਣਾ ਹੀ ਭੁੱਲ ਗਏ ਨੇ। ਅੱਜ ਕੱਲ੍ਹ ਕੁੜੀਆਂ ਦੀ ਤੇ ਬਜ਼ੁਰਗਾਂ ਦੀ ਜਿੰਨੀਂ ਬੇਕਦਰੀ ਹੈ, ਪਹਿਲਾਂ ਕਦੀ ਨਹੀਂ ਸੀ ਹੋਈ। ਸਾਰੀ ਉਮਰ ਮਰ-ਮਰ ਕੇ ਬੱਚਿਆਂ ਵਾਸਤੇ ਜ਼ਮੀਨਾਂ, ਮਕਾਨ ਤੇ ਜਾਇਦਾਦਾਂ ਬਨਾਉਣ ਵਾਲਿਆਂ ਨੂੰ ਆਖ਼ਿਰੀ ਉਮਰੇ ਇਹੋ ਹੀ ਸਹਿੰਸਾ ਰਹਿੰਦਾ ਹੈ ਕਿ-

ਬਾਪੂ ਦੇ ਮੰਜੇ ਦੇ ਹਿੱਸੇ, ਖ਼ਬਰੇ ਕਿਸ ਖੂੰਜੇ ਨੇ ਆਉਣਾ,
ਜੁਦਾ ਰਹਿਣ ਲਈ ਪੁੱਤਰਾਂ ਨੇ ਜਦ, ਉਸ ਕੋਲੋਂ ਵੰਡਵਾਉਣਾ ਘਰ ਨੂੰ।

ਆਪਣੇ ਲਹੂ ਦੇ ਰਿਸ਼ਤੇ ਵੀ ਅੱਜ ਇਸ ਕਦਰ ਗੰਧਲਾਅ ਗਏ ਨੇ ਕਿ ਸੁਣ-ਪੜ੍ਹ ਕੇ ਦਿਲ ਮੂੰਹ ਨੂੰ ਆਉਂਦਾ ਹੈ। ਐਸੀਆਂ ਚੰਦਰੀਆਂ ਘਟਨਾਵਾਂ ਸਾਰੇ ਸਮਾਜ ਦੀਆਂ ਨੀਹਾਂ ਹਿਲਾ ਕੇ ਰੱਖ ਦਿੰਦੀਆਂ ਹਨ। ਜਸਵਿੰਦਰ ਜਿਹਾ ਇੱਕ ਕੋਮਲ-ਭਾਵੀ ਸ਼ਾਇਰ ਇਹੋ ਜਿਹੇ ਵੇਲੇ ਕਿਵੇਂ ਚੁੱਪ ਰਹਿ ਸਕਦਾ ਹੈ। ਉਹ ਤਾਂ ਕੁਰਲਾਅ ਉੱਠਦਾ ਹੈ-

ਕੁਝ ਘਟਨਾਵਾਂ ਨੇ ਵਾਪਰ ਕੇ, ਸਭ ਰਿਸ਼ਤੇ ਸ਼ੱਕੀ ਕਰ ਦਿੱਤੇ,
ਧੀ ਨੂੰ ਬਾਪੂ ਕੋਲੋਂ, ਮਾਂ ਨੂੰ ਪੁੱਤਰ ਕੋਲੋਂ ਡਰ ਲਗਦਾ ਹੈ।

ਇਹ ਸਾਹਿਤ ਦੇ 'ਬਿਭੀਤਸ-ਰਸ' ਦੀ ਇੰਤਹਾ ਹੈ। ਕਾਸ਼ ਕਿ ਸਾਨੂੰ ਐਸੇ ਡਰਾਉਣੇ ਸ਼ਬਦ-ਚਿਤਰ ਕਦੀ ਨਾ ਚਿਤਰਨੇ ਪੈਂਦੇ।

ਕੁਝ ਅਤਿ-ਸੁੰਦਰ, ਕੁਝ ਦਿਲਚਸਪ ਅਤੇ ਕੁਝ ਅਤਿਅੰਤ-ਘਿਨਾਉਣੇ ਪਰ ਮੂਲੋਂ ਹੀ ਸੱਚੇ ਚਿਤਰਾਂ ਦਾ ਹੀ ਚਿਤਰਨ ਕੀਤਾ ਹੈ ਮੇਰੇ ਹੋਣਹਾਰ ਸਾਹਿਤਕ-ਬੱਚੇ ਜਸਵਿੰਦਰ ਮਹਰਿਮ ਨੇ 'ਇਹ ਵੀ ਸੱਚ ਹੈ' ਗ਼ਜ਼ਲ-ਸੰਗ੍ਰਹਿ ਵਿੱਚ। ਮੇਰੇ ਖ਼ਿਆਲ ਵਿੱਚ ਇਹ ਪੁਸਤਕ ਪੜ੍ਹਦਿਆਂ ਇਹਨਾਂ ਚਿਤਰਾਂ ਨੂੰ ਚਿਤਰਨ-ਸਮੇਂ ਦੀ ਕੈਫ਼ੀਅਤ ਨੂੰ ਤੁਸੀਂ ਵੀ ਮਹਿਸੂਸ ਕਰੋਗੇ ਤੇ ਉਸ ਦੀ ਸੋਚ ਨਾਲ ਸਹਿਮਤ ਹੁੰਦੇ ਹੋਏ ਇਹਨਾਂ ਦੁਖਦਾਈ ਸਥਿਤੀਆਂ ਨੂੰ ਬਦਲ ਦੇਣ ਲਈ ਉਸ ਦੇ ਨਾਲ ਖੜੇ ਹੋਵੋਗੇ। ਕੁਝ ਐਸੀਆਂ ਹੀ ਆਸਾਂ ਨਾਲ,

ਤੁਹਾਡਾ ਆਪਣਾ,

ਅਮਰਜੀਤ ਸਿੰਘ ਸੰਧੂ
ਸੰਧੂ ਗ਼ਜ਼ਲ ਸਕੂਲ,
421-ਦਕੋਹਾ (ਜਲੰਧਰ)- 144023
ਫੋਨ ਨੰ: ਜੇਬ- 94636-13528
E.Mail:- sandhupoet@gmail.com

ਦਿਨ: 27-12-2009

## ਮੰਜਕੀ ਦਾ ਸੰਜੀਦਾ ਸ਼ਾਇਰ- ਜਸਵਿੰਦਰ ਮਹਿਰਮ

ਜਸਵਿੰਦਰ ਮਹਿਰਮ ਮੰਜਕੀ ਦੇ ਇਲਾਕੇ ਦਾ ਇਨਕਲਾਬੀ ਸ਼ਾਇਰ ਹੈ। ਉਸ ਦੀਆਂ ਜੜ੍ਹਾਂ ਜ਼ਿਲ੍ਹਾ ਜਲੰਧਰ ਦੇ ਪਿੰਡ ਬੁੰਡਾਲੇ ਵਿੱਚ ਹਨ, ਭਾਵੇਂ ਉਹ ਅੱਜ-ਕਲ੍ਹ ਫਗਵਾੜੇ ਵਿੱਚ ਰਹਿ ਰਿਹਾ ਹੈ। ਉਸਦੀ ਕਲਮ ਵਿੱਚ ਬੜੀ ਤਾਕਤ ਹੈ ਅਤੇ ਉਹ ਕਲਮ ਦੀ ਤਾਕਤ ਨੂੰ ਜਾਣਦਾ ਵੀ ਹੈ। ਸਮਾਜ ਵਿੱਚ ਫੈਲੀਆਂ ਹੋਈਆਂ ਕੁਰੀਤੀਆਂ ਭ੍ਰਿਸ਼ਟਾਚਾਰ, ਚੋਰ-ਬਾਜ਼ਾਰੀ, ਨਸ਼ੇਖੋਰੀ, ਭਰੂਣ ਹੱਤਿਆ ਉਸਨੂੰ ਬੇਚੈਨ ਕਰਦੀਆਂ ਹਨ। ਉਹ ਮਨੁੱਖ ਦੇ ਮਨੁੱਖ ਹੱਥੋਂ ਹੀ ਹੋ ਰਹੇ ਸ਼ੋਸ਼ਣ ਤੋਂ ਵੀ ਚਿੰਤਤ ਹੈ। ਉਸਨੂੰ ਇਸ ਗੱਲ ਦਾ ਵੀ ਦੁੱਖ ਹੈ ਕਿ ਹਾਕਮ ਜਮਾਤ ਦੇਸ਼ ਦਾ ਨਹੀਂ ਸੋਚ ਰਹੀ। ਉਹ ਦਿਨੋ ਦਿਨ ਸਮਾਜ ਵਿੱਚ ਆ ਰਹੀ ਨੈਤਿਕ ਗਿਰਾਵਟ ਤੋਂ ਪ੍ਰੇਸ਼ਾਨ ਹੈ। ਲੱਚਰ ਗੀਤ, ਨਗਨਤਾ, ਡੇਰਿਆਂ ਵਿੱਚ ਹੋ ਰਹੇ ਕੁਕਰਮ, ਪਦਾਰਥਵਾਦ ਦਾ ਬੋਲਬਾਲਾ, ਉਸਨੂੰ ਕੁਝ ਅਮਲੀ ਰੂਪ ਵਿੱਚ ਕਰਨ ਲਈ ਝੰਜੋੜਦਾ ਹੈ। ਉਹ ਜਾਣਦਾ ਕਿ ਗੱਲਾਂ ਨਾਲ ਕੁਝ ਨਹੀਂ ਹੁੰਦਾ, ਕੁਝ ਪ੍ਰਾਪਤ ਕਰਨ ਲਈ, ਮਿਹਨਤ ਕਰਨੀ ਪੈਂਦੀ ਹੈ, ਇਨਕਲਾਬੀ ਕਦਮ ਉਠਾਉਣੇ ਪੈਂਦੇ ਹਨ। ਉਹ ਲੋਕਾਂ ਦੀ ਤਾਕਤ ਨੂੰ ਜਾਣਦਾ ਹੈ, ਉਹ ਕਹਿੰਦਾ ਹੈ ਕਿ ਜੇਕਰ ਲੋਕ ਉੱਠ ਖੜ੍ਹੇ ਹੋਣ, ਜੇਕਰ ਲੋਕ ਹਿੰਮਤ ਨਾ ਹਾਰਨ ਤਾਂ ਹੱਤਿਆਰੇ ਲੋਕ ਭੱਜ ਜਾਣਗੇ। ਉਹ ਲੋਕਾਂ ਦੀ ਗੁਰਬਤ ਨੂੰ, ਲੋਕਾਂ ਦਾ ਕਸੂਰ ਵੀ ਮੰਨਦਾ ਹੈ। ਉਹ ਇਸ ਗੱਲ ਦਾ ਧਾਰਨੀ ਹੈ ਕਿ ਗੁਲਾਮ ਰਹਿਣਾ ਸਭ ਤੋਂ ਵੱਡਾ ਪਾਪ ਹੁੰਦਾ ਹੈ। ਉਹ ਅਜਿਹੀ ਤਰੱਕੀ ਦੇ ਹੱਕ ਵਿੱਚ ਨਹੀਂ, ਜਿਹੜੀ ਭੁੱਖੇ ਨੂੰ ਰੋਟੀ, ਨੰਗੇ ਨੂੰ ਕੱਪੜਾ ਨਹੀਂ ਦੇ ਸਕਦੀ। ਮਨੁੱਖੀ ਰਿਸ਼ਤਿਆਂ ਵਿੱਚ ਆਈ ਗਿਰਾਵਟ ਨੂੰ ਵੀ ਉਹ ਆਪਣੇ ਸ਼ਿਅਰਾਂ ਵਿੱਚ ਬਿਆਨ ਕਰਦਾ ਹੈ। ਉਹ ਨਸੀਹਤਾਂ ਵੀ ਦਿੰਦਾ ਹੈ,

ਮੁਹੱਬਤ ਇਹ ਨਹੀਂ , ਔਲਾਦ ਨੂੰ ਸਿਰ ਚਾੜ੍ਹ ਕੇ ਰੱਖੋ,
ਕੁਰਾਹੇ ਪੈ ਰਿਹਾ ਬੱਚਾ, ਕਦੇ ਤਾਂ ਝਿੜਕਣਾ ਪੈਂਦੈ।

ਉਹ ਮਨੁੱਖ ਨੂੰ ਹੱਕ, ਸੱਚ ਤੇ ਨਿਆਂ ਦੀ ਖ਼ਾਤਿਰ ਡਟਣ ਦੀ ਪ੍ਰੇਰਨਾ ਦਿੰਦਾ ਹੈ। ਉਸ ਅਨੁਸਾਰ ਜਦੋਂ ਕੋਈ ਆਦਮੀ ਡਰਦਾ ਸੱਚ ਨਹੀਂ ਬੋਲਦਾ ਤਾਂ ਝੂਠਾ ਜ਼ਰੂਰ ਜਿੱਤ ਜਾਂਦਾ ਹੈ। ਉਹ ਕਹਿੰਦਾ ਹੈ ਕਿ ਪਦਾਰਥਵਾਦ ਦੇ ਯੁੱਗ ਵਿੱਚ, ਇਨਸਾਨ ਦੀ ਲਿਆਕਤ ਦਾ ਸਹੀ ਮੁੱਲ ਨਹੀਂ ਪੈਂਦਾ। ਝੂਠ, ਧੋਖੇ, ਬੇਈਮਾਨੀ ਦੇ ਆਸਰੇ ਗ਼ਲਤ ਕਿਸਮ ਦੇ ਲੋਕ ਅੱਗੇ ਆ ਰਹੇ ਹਨ। ਲੋਕ ਵਿਖਾਵਾ ਵਧ ਰਿਹਾ ਹੈ। ਨੇਤਾਵਾਂ ਦੇ ਦੋਹਰੇ ਕਿਰਦਾਰ ਤੋਂ ਉਹ ਦੁਖੀ ਹੈ। ਇਸ ਤਰ੍ਹਾਂ ਜਸਵਿੰਦਰ ਮਹਿਰਮ ਮੌਜੂਦਾ ਸਮਾਜ ਵਿੱਚ ਵਾਪਰ ਰਹੇ ਵਰਤਾਰਿਆਂ ਨੂੰ ਬਾਖ਼ੂਬੀ ਬਿਆਨਦਾ ਹੈ, ਉਹ ਸਿਰਫ਼ ਨਿਸਾਨਦੇਹੀ ਹੀ ਨਹੀਂ ਕਰਦਾ, ਉਨ੍ਹਾਂ ਦੇ ਹੱਲ ਵੀ ਦੱਸਦਾ ਹੈ। ਕੁਝ ਹਾਂ-ਪੱਖੀ ਕਰਨ ਲਈ ਉਤਸ਼ਾਹਿਤ ਕਰਦਾ ਹੈ।।

ਹਥਲੀ ਪੁਸਤਕ 'ਇਹ ਵੀ ਸੱਚ ਹੈ' ਜਸਵਿੰਦਰ ਮਹਿਰਮ ਦੀ ਗ਼ਜ਼ਲਾਂ ਦੀ ਪਲੇਠੀ ਪੁਸਤਕ ਹੈ। ਉਸਨੇ ਇਸ਼ਕ ਮੁਹੱਬਤ ਦੀ ਵੀ ਗੱਲ ਕੀਤੀ ਹੈ। ਸੱਚੇ ਪਿਆਰ ਤੋਂ ਉਹ ਕੁਰਬਾਨ ਜਾਂਦਾ ਹੈ, ਪਰ ਅਸ਼ਲੀਲਤਾ ਤੋਂ ਕੋਹਾਂ ਦੂਰ ਹੈ। ਉਸਨੇ ਇਹ ਸਾਬਤ ਕਰ ਦਿੱਤਾ ਹੈ ਕਿ ਅਸ਼ਲੀਲਤਾ ਤੋਂ ਬਿਨਾਂ ਵੀ ਰੌਚਿਕਤਾ ਬਣ ਸਕਦੀ ਹੈ। ਉਸਦੀਆਂ ਗ਼ਜ਼ਲਾਂ ਦੇ ਸ਼ਿਅਰਾਂ ਨੂੰ ਵਾਰ ਵਾਰ ਪੜ੍ਹਨ ਨੂੰ ਮਨ ਕਰਦਾ ਹੈ। ਰੌਚਿਕਤਾ ਬਰਕਰਾਰ ਰਹਿੰਦੀ ਹੈ।

ਉਹ ਪਾਠਕ ਨੂੰ ਆਪਣੇ ਨਾਲ ਜੋੜੀ ਰੱਖਦਾ ਹੈ। ਉਹ ਪਿਆਰ ਮੁਹੱਬਤ ਦੀ ਗੱਲ ਕਰਦਾ ਕਰਦਾ ਸੰਜੀਦਾ ਰਹਿ ਕੇ ਆਪਣੇ ਸ਼ਿਅਰਾਂ ਵਿੱਚ ਸਮਾਜ 'ਤੇ ਵਿਅੰਗ ਵੀ ਕਰ ਦਿੰਦਾ ਹੈ। ਉਹ

ਸਿਰਫ਼ ਲਿਖਣ ਲਈ ਹੀ ਨਹੀਂ ਲਿਖਦਾ, ਸਮਾਜ ਨੂੰ ਕੁਝ ਸਮਝਾਉਣ ਲਈ ਲਿਖਦਾ ਹੈ। ਇਸੇ ਕਰਕੇ ਉਸਦੀ ਲਿਖਤ ਵਿੱਚ ਬੜੀ ਜਾਨ ਹੈ। ਜਸਵਿੰਦਰ ਮਹਿਰਮ ਤੁੱਕਬੰਦੀ ਦਾ ਸ਼ਾਇਰ ਨਹੀਂ ਹੈ। ਉਹ ਗ਼ਜ਼ਲ ਦੀਆਂ ਬਾਰੀਕੀਆਂ ਨੂੰ ਵੀ ਬਾਖ਼ੂਬੀ ਜਾਣਦਾ ਹੈ। ਸ਼ਾਇਦ ਇਨ੍ਹਾਂ ਕਾਰਨਾਂ ਕਰਕੇ ਹੀ ਉਸਤਾਦ ਗ਼ਜ਼ਲਗੋ  ਸ. ਅਮਰਜੀਤ ਸਿੰਘ ਸੰਧੂ ਹੋਰਾਂ ਨੇ ਉਸ ਨੂੰ ਆਪਣੇ 'ਸੰਧੂ ਗ਼ਜ਼ਲ ਸਕੂਲ' ਦਾ ਜਾ-ਨਸ਼ੀਨ ਨਿਯੁਕਤ ਕੀਤਾ ਹੈ।

ਜਸਵਿੰਦਰ ਮਹਿਰਮ ਦੀਆਂ ਗ਼ਜ਼ਲਾਂ ਕਿਸ ਪੱਧਰ ਦੀਆਂ ਹਨ, ਇਹ ਅਸੀਂ ਇਸ ਖੇਤਰ ਦੇ ਮਾਹਿਰਾਂ 'ਤੇ ਛੱਡਦੇ ਹਾਂ। ਅਸੀਂ ਤਾਂ ਏਨਾ ਜਾਣਦੇ ਹਾਂ ਕਿ ਮਹਿਰਮ ਦੀਆਂ ਗ਼ਜ਼ਲਾਂ ਦਿਲ ਨੂੰ ਟੁੰਬਦੀਆਂ ਹਨ, ਹਰ ਕਿਸੇ ਦੀ ਸਮਝ ਵਿੱਚ ਆਉਂਦੀਆਂ ਹਨ, ਬਹੁਤ ਸਾਰੇ ਵਿਸ਼ਿਆਂ ਨੂੰ ਛੋਹਦੀਆਂ ਹਨ ਅਤੇ ਸਮਾਜ ਨੂੰ ਸਾਰਥਿਕ ਸੇਧ ਦਿੰਦੀਆਂ ਹਨ। ਮਹਿਰਮ ਰੁੱਖਾਂ ਦੀ ਕਟਾਈ ਤੋਂ ਬਾਦ ਹੋਈ ਕਮੀ ਬਾਰੇ ਕਹਿੰਦਾ ਹੈ,

ਘਰ ਦਾ ਵਿਹੜਾ, ਸੜਕਾਂ, ਰਸਤੇ, ਰੁੱਖਾਂ ਬਿਨ ਸੱਖਣੇ ਨੇ,
ਲੋੜ ਪਈ ਜੇ ਲੱਭਣ ਤੁਰੀਏ, ਦਿਸਦਾ ਟਾਵਾਂ ਟਾਵਾਂ ।

ਨਵੇਂ ਰੁੱਖ ਲਾਉਣ ਲਈ ਪ੍ਰੇਰਦਾ ਲਿਖਦਾ ਹੈ,

ਬੂਟੇ ਲਾਵੋ ਹਰ ਥਾਂ 'ਮਹਿਰਮ', ਤਾਂ ਹੀ ਮਾਣ ਸਕਾਂਗੇ,
ਫਲ, ਫੁੱਲ, ਮਹਿਕਾਂ, ਪਿੱਪਲੀਂ ਪੀਂਘਾਂ, ਤੇ ਤੂਤਾਂ ਦੀਆਂ ਛਾਵਾਂ।

ਲੋਕਾਂ ਨੂੰ ਲਾਮਬੰਦ ਕਰਨ ਲਈ ,

ਉਹ 'ਕੱਲੇ 'ਕੱਲੇ ਹੋ ਕੇ ਜ਼ੁਲਮ ਸਹਿੰਦੇ ਜਾਂਦੇ ਨੇ 'ਮਹਿਰਮ',
ਜੇ ਇਕ ਜੁੱਟ ਹੋ ਗਏ ਹੁੰਦੇ, ਤਾਂ ਇਹ ਹਾਲਤ ਨਹੀਂ ਹੁੰਦੀ।

ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ 'ਤੇ,

ਦੇਖੋ ਹੁਣ ਕੀ ਬਣਦਾ ਉਸਦਾ, ਨਾਲ ਉਨ੍ਹਾਂ ਦੇ ਰਲਿਆ ਜੋ,
ਸ਼ੌਕ ਜਿਨ੍ਹਾਂ ਦਾ ਚਾੜ੍ਹ ਕੇ ਕੋਠੇ, ਮਗਰੋਂ ਪੌੜੀ ਚੱਕਣ ਦਾ।

ਮਰਦ ਕਮਾਈ ਕਰਕੇ ਬੇਸ਼ੱਕ ਭਰ ਦੇਵੇ ਘਰ ਸਾਰਾ, ਲੇਕਿਨ,
ਸੁਘੜ ਸਿਆਣੀ ਔਰਤ ਜਾਣੇ ਲਿਸ਼ਕਾਉਣਾ, ਚਮਕਾਉਣਾ ਘਰ ਨੂੰ।

ਕਿਸੇ ਦੀ ਜਾਨ ਦੀ ਰਾਖੀ, ਕਰੂ ਨੇਤਾ ਕਿਵੇਂ, ਜਿਸਨੂੰ,
ਸਤਾਉਂਦਾ ਹੀ ਰਹੇ ਡਰ ਹਰ ਸਮੇਂ ਅਪਣੀ ਹਿਫ਼ਾਜ਼ਤ ਦਾ।

ਜਵਾਨੀ ਪੇਟ ਦੀ ਖ਼ਾਤਿਰ, ਕਦੇ ਪਰਦੇਸ ਨਾ ਜਾਂਦੀ,
ਸਹੀ ਮੁੱਲ ਪੈਂਦਾ ਏਥੇ ਵੀ, ਜੇ ਮਿਹਨਤ ਦਾ ਲਿਆਕਤ ਦਾ।

ਸੱਚ ਕਹਿ ਕੇ ਬਣਦੇ ਹਾਂ ਮਾੜੇ, ਸੱਚ ਸੁਣ ਕੇ ਲੱਗਦਾ ਹੈ ਮਾੜਾ,
ਪਰ ਜੋ ਏਨੀ ਹਿੰਮਤ ਕਰਦੈ, ਮੈਨੂੰ ਓਹੀ 'ਨਰ' ਲੱਗਦਾ ਹੈ।

ਵਾਦਾ ਕਰੀਂ ਨਾ ਤੂੰ ਕਦੇ, ਟੁੱਟਦੈ ਤਾਂ ਲੱਗਦਾ ਹੈ ਬੁਰਾ,
ਤੇਰਾ ਜਦੋਂ ਵੀ ਦਿਲ ਕਰੇ, ਬਸ ਆਣ ਦੀ ਕੋਸ਼ਿਸ਼ ਕਰੀਂ।

ਜ਼ਮਾਨੇ ਵਿਚ ਹਰ ਇਕ ਨਾਲ ਮਿਲਣਾ ਵਰਤਣਾ ਪੈਂਦੈ।
ਬੜਾ ਕੁਝ ਦੇਖਣਾ ਪੈਂਦੈ, ਬੜਾ ਕੁਝ ਸੋਚਣਾ ਪੈਂਦੈ।

ਇਸ਼ਕ ਮੁਹੱਬਤ ਦਾ ਰੰਗ,

ਮਿਲਨੈ ਜੇ, ਮਿਲ ਹਿੰਮਤ ਕਰਕੇ।
ਇਸ਼ਕ ਨਹੀਂ ਹੁੰਦਾ ਡਰ ਡਰ ਕੇ।

ਝੁਕੇ ਓਦੋਂ ਜ਼ਮਾਨਾ, ਸਿਰ ਤਲੀ ’ਤੇ ਧਰ ਜਦੋਂ ਮਿਲਦੇ।
ਕਿ ਸਾਰੇ ਤੋੜ ਕੇ ਬੰਧਨ, ਦਿਲਾ ਦਿਲਬਰ ਜਦੋਂ ਮਿਲਦੇ।

ਇਸ਼ਕ ਜਦੋਂ ਵੀ ਹੋ ਜਾਂਦਾ ਹੈ, ਏਦਾਂ ਹੋਸ਼ ਭੁਲਾ ਦਿੰਦਾ ਹੈ।
ਜਿਉਂ ਪਰਵਾਨਾ ਸ਼ਮ੍ਹਾ ’ਤੇ ਮਰ ਕੇ, ਅਪਣਾ ਆਪ ਮਿਟਾ ਦਿੰਦਾ ਹੈ।

ਝੂਠ ਕਹਿੰਦੈ, ਆਖਦਾ ਜੋ, ਇਸ਼ਕ ਹੁੰਦੈ ਸੋਚ ਕੇ।
ਇਸ਼ਕ ਵਿਚ ਹੀ ਤਾਂ ਕੋਈ ਵੀ ਸੋਚਦਾ ਕੁਝ ਵੀ ਨਹੀਂ।

ਜਦ ਮੀਤ ਪਿਆਰੇ ਦੀ, ਤਸਵੀਰ ਵਸੇ ਦਿਲ ਵਿਚ,
ਫਿਰ ਇਸ਼ਕ ਮੁਹੱਬਤ ਦਾ, ਇਕ ਦੀਪ ਜਲ਼ੇ ਦਿਲ ਵਿਚ।

ਸਰਦਾ ਇਵੇਂ ਹੈ ‘ਮਹਿਰਮਾ’, ਸਭ ਦਾ ਕਿਸੇ ਦਿਲਦਾਰ ਬਿਨ,
ਮੇਰਾ ਜਿਵੇਂ ਸਰਦਾ ਰਿਹਾ, ਤੇਰਾ ਜਿਵੇਂ ਸਰਦਾ ਰਿਹਾ।

ਹੋਂਦ ਮੇਰੀ ਬਿਨ ਤੇਰੇ ਕੁਝ ਵੀ ਨਹੀਂ ਹੈ ‘ਮਹਿਰਮਾ’,
ਤੋੜ ਕੇ ਜਾਵੀਂ ਨਾ ਮੇਰਾ ਦਿਲ ਖ਼ੁਦਾ ਦਾ ਵਾਸਤਾ।

ਹੁਣ ਐਵੇਂ ਹੀ ਨਾ ਹੱਸਿਆ ਕਰ,
ਹੁਣ ਹੋ ਗਈ ਤੂੰ ਮੁਟਿਆਰ ਕੁੜੇ।

ਪੰਜਾਬੀ ਸੱਥ ਵਲੋਂ ਅਸੀਂ ਹੁਣ ਤੱਕ 70 ਤੋਂ ਉੱਪਰ ਪੁਸਤਕਾਂ ਅਤੇ ਵਿਰਾਸਤੀ ਕੈਲੰਡਰ ਪ੍ਰਕਾਸ਼ਿਤ ਕਰ ਚੁੱਕੇ ਹਾਂ, ਜਿਨ੍ਹਾਂ ਵਿੱਚ ਸਿਰਫ਼ ਗ਼ਜ਼ਲਾਂ ਦੀ ਇਹ ਦੂਜੀ ਪੁਸਤਕ ਹੈ। ਇਸ ਤੋਂ ਪਹਿਲਾਂ ਅਸੀਂ ਕੁਲਜੀਤ ਕੌਰ ਗ਼ਜ਼ਲ ਦੀ ਪੁਸਤਕ ‘ਤਰੇਲ ਜਿਹੇ ਮੋਤੀ’ ਸਾਲ 2006 ਵਿੱਚ ਪ੍ਰਕਾਸ਼ਿਤ ਕੀਤੀ ਸੀ। ਇਹ ਪੁਸਤਕ ਅਸੀਂ ‘ਮੰਜਕੀ ਪੰਜਾਬੀ ਸੱਥ ਭੰਗਾਲਾ’ ਵਲੋਂ ਪ੍ਰਕਾਸ਼ਿਤ ਕਰਨ ਦੀ ਖ਼ੁਸ਼ੀ ਪ੍ਰਾਪਤ ਕਰ ਰਹੇ ਹਾਂ। ਪੁਸਤਕ ਦੀ ਪ੍ਰਕਾਸ਼ਨਾ ਵਿੱਚ ਯੂਰਪੀ ਪੰਜਾਬੀ ਸੱਥ ਦੇ ਸੰਚਾਲਕ ਮੇਰੇ ਵੱਡੇ ਵੀਰ ਸਤਿਕਾਰਯੋਗ ਸ. ਮੋਤਾ ਸਿੰਘ ਸਰਾਏ ਵਿੱਤੀ ਸਲਾਹਕਾਰ ਯੂ. ਕੇ. ਦਾ ਅਹਿਮ ਯੋਗਦਾਨ ਹੈ। ਅਸੀਂ ਆਸ ਕਰਦੇ ਹਾਂ ਕਿ ਜਸਵਿੰਦਰ ਮਹਿਰਮ ਭਵਿੱਖ ਵਿੱਚ ਵੀ ਆਪਣੀ ਮਾਂ ਬੋਲੀ ਦੀ ਸੇਵਾ ਲਈ ਇਸੇ ਤਰ੍ਹਾਂ ਡਟਿਆ ਰਹੇਗਾ। ਤੇ ਆਪਣੀ ਕਲਮ ਦੀ ਵਰਤੋਂ ਹੱਕ, ਸੱਚ ਤੇ ਨਿਆਂ ਲਈ ਕਰਦਾ ਰਹੇਗਾ। ਸਿਹਤਮੰਦ ਸਮਾਜਿਕ ਕਦਰਾਂ ਕੀਮਤਾਂ ’ਤੇ ਪਹਿਰਾ ਦਿੰਦਾ ਹੋਇਆ ਆਪਣੇ ਸਭਿਆਚਾਰ ਨੂੰ ਹੋਰ ਅਮੀਰ ਕਰੇਗਾ। ਇਕ ਦਿਨ ਅਜਿਹਾ ਆਵੇਗਾ, ਜਦੋਂ ਜਸਵਿੰਦਰ ਦੀ ਗ਼ਜ਼ਲ ਸਮੁੱਚੀ ਦੁਨੀਆਂ ਵਿਚ ਪੜ੍ਹੀ ਜਾਵੇਗੀ।

ਆਓ ਆਪਾਂ ਵੀ ਰਲ ਮਿਲ ਕੇ ਆਪਣੀ ਮਾਂ-ਬੋਲੀ ਅਤੇ ਸਭਿਆਚਾਰ ਦੀ ਪ੍ਰਫੁੱਲਤਾ ਲਈ, ਵਾਤਾਵਰਣ ਅਤੇ ਵਿਰਾਸਤ ਦੀ ਸੰਭਾਲ ਲਈ ਯਤਨ ਕਰੀਏ। ਨੌਜਵਾਨਾਂ ਨੂੰ ਨਸ਼ਿਆਂ ਤੋਂ ਵਰਜ ਕੇ, ਐਸ਼ ਪ੍ਰਸਤੀ, ਵਿਖਾਵੇਬਾਜੀ ਅਤੇ ਵਿਹਲੜਪੁਣੇ ਦੇ ਐਬ ਤੋਂ ਬਚਾਈਏ ਅਤੇ ਕਿਰਤ ਨਾਲ ਜੋੜੀਏ। ਆਪਣੇ ਦੇਸ਼ ਅਤੇ ਕੌਮ ਨਾਲ ਸੱਚਾ ਪਿਆਰ ਕਰਦੇ ਹੋਏ, ਇਸਦੀ ਤਰੱਕੀ ਵਿੱਚ ਆਪਣਾ ਬਣਦਾ ਯੋਗਦਾਨ ਪਾਈਏ। ਕਿਸੇ ਵੱਲ ਦੇਖਣ ਦੀ ਥਾਂ, ਆਪਣੇ ਆਪ ਤੋਂ ਹੀ ਸ਼ੁਰੂ ਕਰੀਏ। ਬਲਦੀ ਹੋਈ ਅੱਗ ਉੱਤੇ ਪਾਣੀ ਦੀ ਬਾਲਟੀ ਪਾ ਦੇਣੀ ਹੀ ਸ਼ੁਭ ਕਾਰਜ ਹੁੰਦਾ ਹੈ। ਮੈਨੂੰ ਪਾਠਕਾਂ ਦੇ ਹੁੰਗਾਰੇ ਦੀ ਹਮੇਸ਼ਾ ਉਡੀਕ ਰਹਿੰਦੀ ਹੈ। ਸੋ ਤੁਸੀਂ ਇਸ ਪੁਸਤਕ ਬਾਬਤ ਆਪਣੀ ਅਣਮੋਲ ਰਾਇ ਜ਼ਰੂਰ ਲਿਖ ਭੇਜਣਾ। ਪੱਤਰ ਦੀ ਉਡੀਕ ਵਿੱਚ,

ਤੁਹਾਡਾ ਆਪਣਾ ,

ਪ੍ਰਿੰ. ਕੁਲਵਿੰਦਰ ਸਿੰਘ ਸਰਾਏ

ਸੰਚਾਲਕ : ਮੰਜਕੀ ਪੰਜਾਬੀ ਸੱਥ, ਭੰਗਾਲਾ,
ਤਹਿ. ਫਿਲੌਰ, ਜ਼ਿਲ੍ਹਾ ਜਲੰਧਰ,
ਚੜ੍ਹਦਾ ਪੰਜਾਬ , ਭਾਰਤ।

ਮਿਤੀ 1 ਜਨਵਰੀ 2010
19-ਪੋਹ, ਸੰਮਤ ਬਿਕ੍ਰਮੀ 2066
ਸ਼ੁਕਰਵਾਰ, ਨਾਨਕਸ਼ਾਹੀ ਸੰਮਤ 541,

## ਗ਼ਜ਼ਲਾਂ ਦਾ ਗੁਲਦਸਤਾ- 'ਇਹ ਵੀ ਸੱਚ ਹੈ'

ਸਿਆਣਿਆਂ ਦਾ ਮੱਤ ਏ ਕਿ ਅਦਬ ਜਾਂ ਸਾਹਿਤ ਉਹੋ ਈ ਸੱਜਣ ਸਿਰਜ ਸਕਦੇ ਨੇ ਜਿਹੜੇ ਸੰਵੇਦਨਸ਼ੀਲ ਸੁਭਾਅ ਅਤੇ ਸਿਰਜਣਾਤਮਿਕ ਰੁਚੀ ਰੱਖਦੇ ਹੋਣ। ਇਹਨਾਂ ਵਿੱਚ ਇੱਕ ਰਗ ਆਮ ਲੋਕਾਈ ਨਾਲੋਂ ਵੱਧ ਹੁੰਦੀ ਏ। ਤੀਖਣ ਬੁੱਧੀ ਤੇ ਤਰਕਸ਼ੀਲ ਵਿਚਾਰਾਂ ਕਾਰਨ ਅਜਿਹੇ ਸੂਝਵਾਨ ਵਿਦਵਾਨਾਂ ਦੀ ਤੀਜੀ ਅੱਖ ਚੱਤੋ-ਪਹਿਰ ਦੁਨੀਆਂ ਜਹਾਨ ਵਿੱਚ ਵਾਪਰ ਰਹੇ ਹਰ ਵਰਤਾਰੇ ਨੂੰ ਸਿਰਫ਼ ਵੇਖਦੀ ਹੀ ਨਹੀਂ ਉਹਨੂੰ ਘੋਖਦੀ ਵੀ ਰਹਿੰਦੀ ਹੈ। ਇਹਨਾਂ ਕੋਲ ਆਪਣੇ ਚੌਗਿਰਦੇ ਨੂੰ ਡੂੰਘਾਈ ਨਾਲ ਸਮਝਣ ਦੀ ਸੂਝ-ਬੂਝ ਹੋਣ ਕਾਰਨ ਵਿਚਾਰਾਂ ਨੂੰ ਕਲਾਤਮਿਕ ਢੰਗ ਨਾਲ ਸ਼ਬਦੀ ਜਾਮਾ ਪਹਿਨਾਉਣ ਦੀ ਮੁਹਾਰਤ ਤਾਂ ਪਹਿਲਾਂ ਈ ਹੁੰਦੀ ਹੈ। ਪਰ ਜਿਹੜੇ ਕਲਮਕਾਰ ਆਪਣੀ ਕਲਮ ਨੂੰ ਕੇਵਲ ਨਿੱਜ ਦੇ ਰੋਣੇ ਧੋਣਿਆਂ ਤੀਕ ਹੀ ਸੀਮਤ ਰੱਖਦੇ ਨੇ ਉਹਨਾਂ ਦੀ ਲਿਖਤ ਸਿਖਰਾਂ ਤੀਕ ਅੱਪੜਨ ਤੋਂ ਖੁੰਝ ਜਾਂਦੀ ਹੈ। ਜਿਹੜੇ ਆਪਣੀ ਕਾਨੀ ਨੂੰ ਸਿਰਫ਼ ਮਨੁੱਖੀ ਸਮਾਜ ਹੀ ਨਹੀਂ ਸਮੁੱਚੀ ਸ਼੍ਰਿਸਟੀ ਦੇ ਸਰਬੱਤ ਸਜੀਵ ਤੇ ਨਿਰਜੀਵਾਂ ਨਾਲ ਜੋੜ ਕੇ ਕਲਮਕਾਰੀ ਕਰਦੇ ਨੇ, ਉਹਨਾਂ ਦੇ ਸ਼ਬਦਾਂ ਦਾ ਰੁਤਬਾ ਗੁਰੂ ਵਾਲੀ ਪਾਕ ਪਵਿੱਤਰ ਪਦਵੀ ਗ੍ਰਹਿਣ ਕਰ ਲੈਂਦਾ ਹੈ।

ਸਾਡਾ ਗ਼ਜ਼ਲਗੋਅ ਵੀਰ ਜਸਵਿੰਦਰ ਮਹਿਰਮ ਦੂਜੀ ਵੰਨਗੀ ਵੱਲ ਬੜੀ ਤੇਜ਼ੀ ਨਾਲ ਵਧ ਰਿਹਾ ਪ੍ਰਤੀਤ ਹੋ ਰਿਹਾ ਹੈ। ਤੁਕਬੰਦੀ ਕਰਨਾ ਜਾਂ ਬਿਨਾਂ ਸਿਰ-ਪੈਰ ਤੋਂ ਕੁਝ ਸਤਰਾਂ ਲਿਖ ਕੇ ਉਸਨੂੰ ਖੁੱਲ੍ਹੀ ਕਵਿਤਾ ਕਹਿਣ ਵਾਲਿਆਂ ਤੋਂ ਵਿੱਥ 'ਤੇ ਖਲੋਤਾ ਵੀਰ ਜਸਵਿੰਦਰ ਸੱਚੀ-ਮੁੱਚੀ ਦਾ ਸਾਹਿਤਕਾਰ ਅਦੀਬ ਪ੍ਰਤੀਤ ਹੁੰਦਾ ਏ। ਗ਼ਜ਼ਲ ਲਿਖਣੀ ਹਾਰੀ -ਸਾਰੀ ਦੇ ਵੱਸ ਦਾ ਰੋਗ ਤਾਂ ਕਦੀ ਵੀ ਨਹੀਂ ਰਿਹਾ। ਪਰ ਅੱਜ ਦੇ ਦੌਰ ਦੇ ਸਰੋਕਾਰਾਂ ਨੂੰ ਸਾਹਮਣੇ ਰੱਖਦਿਆਂ ਅਰਥ-ਭਰਪੂਰ ਰਚਨਾ ਕਰਨੀ ਤਾਂ ਹੋਰ ਵੀ ਬੜਾ ਬਿਖਮ ਕਾਰਜ ਹੈ। ਗ਼ਜ਼ਲ ਨੂੰ ਪਹਿਲੋ ਪਹਿਲ ਸਿਰਫ਼ ਇਸ਼ਕ ਮੁਸ਼ਕ ਦੀਆਂ ਚੋਹਲਬਾਜ਼ੀਆਂ ਦੇ ਤੌਰ ਤੇ ਹੀ ਸਮਝਿਆ ਜਾਂਦਾ ਸੀ, ਪਰ ਪਿਛਲੇ ਕਾਫ਼ੀ ਲੰਬੇ ਅਰਸੇ ਤੋਂ ਉਰਦੂ ਤੋਂ ਅੱਗੇ ਸਾਡੀ ਆਪਣੀ ਮਾਂ ਬੋਲੀ ਪੰਜਾਬੀ ਵਿੱਚ ਗ਼ਜ਼ਲ ਨੇ ਆਪਣਾ ਘੇਰਾ ਮੋਕਲਾ ਕੀਤਾ ਹੈ। ਸਿਰਫ਼ ਦੋ ਮਿਸਰਿਆਂ ਵਿੱਚ ਹੀ ਅਤਿ ਉੱਚੇ ਵਿਚਾਰਾਂ ਨੂੰ ਬੰਨ੍ਹਣ ਤੇ ਪੇਸ਼ ਕਰਨ ਦੀ ਲਹਿਰ ਵਿੱਚ ਜਸਵਿੰਦਰ ਨੇ ਆਪਣਾ ਸਨਮਾਨਯੋਗ ਸਥਾਨ ਨਿਸਚਿਤ ਕਰ ਲਿਆ ਹੈ। ਹਥਲੇ ਗ਼ਜ਼ਲ-ਸੰਗ੍ਰਹਿ 'ਇਹ ਵੀ ਸੱਚ ਹੈ' ਦੀਆਂ ਗ਼ਜ਼ਲਾਂ ਪੜ੍ਹ ਕੇ ਇਉਂ ਮਹਿਸੂਸ ਹੁੰਦਾ ਹੈ ਕਿ ਜਸਵਿੰਦਰ ਮਹਿਰਮ ਨੂੰ ਗ਼ਜ਼ਲਗੋਈ ਦੀਆਂ ਬਾਰੀਕੀਆਂ ਦੀ ਹੀ ਸਮਝ ਨਹੀਂ, ਬਲਕਿ ਉਸਨੂੰ ਟਿਕਾਣੇ ਸਿਰ ਸੱਟ ਮਾਰਨ ਦੀ ਵੀ ਸੋਝੀ ਹੈ। ਉਸ ਵੱਲੋਂ ਕੀਤੀ ਸਬਦਾਂ ਦੀ ਚੋਣ, ਜੜ੍ਹਤ, ਪੇਸ਼ਕਾਰੀ ਇੱਕ ਦਮ ਨਵੀਂ ਨਕੋਰ, ਨਿਵੇਕਲੀ ਤੇ ਸੱਜਰੀ ਪ੍ਰਤੀਤ ਹੁੰਦੀ ਏ। ਸਾਹਿਤ ਦੇ ਮੰਤਵਾਂ ਅਤੇ ਉਦੇਸ਼ਾਂ ਦੀ ਮਹਿਰਮ ਨੂੰ ਸਮਝ ਹੈ। ਉਸਦੀ ਰਚਨਾ ਵਿੱਚ ਸਾਹਿਤ ਦੇ ਸਾਰੇ ਹੀ ਰਸ ਵਿਖਾਵੇ ਦੇ ਤੌਰ ਤੇ

ਨਹੀਂ ਬਲਕਿ ਅੰਤਰੀਵੀ ਗੁਣਾਂ ਕਰਕੇ ਹੀ ਸਮੋਏ ਹੋਏ ਹਨ। ਗੱਲ ਭਾਵੇਂ ਰੋਮਾਂਸ ਦੀ ਹੋਵੇ ਜਾਂ ਸਿਆਸੀ ਨਿਘਾਰ ਦੀ, ਵਾਤਾਵਰਣ ਦੇ ਵਿਗਾੜ ਦੀ ਜਾਂ ਨਸ਼ਿਆਂ ਦੀ, ਸਮਾਜਿਕ ਬੁਰਾਈਆਂ ਦੀ ਜਾਂ ਤਿੜਕੇ ਹੋਏ ਰਿਸ਼ਤਿਆਂ ਦੀ, ਉਹ ਬੜੀ ਤਰਲਤਾ ਤੇ ਸਹਿਜ ਭਾਵ ਨਾਲ ਹੀ ਪਾਠਕ ਨੂੰ ਝੰਜੋੜਨ, ਹਲੂਣਨ ਅਤੇ ਨਾਲ ਤੋਰਨ ਦੀ ਜਾਚ ਬਾਖ਼ੂਬੀ ਰੱਖਦਾ ਹੈ।

ਗ਼ਜ਼ਲ-ਸੰਗ੍ਰਹਿ 'ਇਹ ਵੀ ਸੱਚ ਹੈ' ਦੀਆਂ ਗ਼ਜ਼ਲਾਂ 'ਤੇ ਗ਼ਜ਼ਲ ਦੀਆਂ ਅਦਬੀ ਲੋੜਾਂ, ਥੋੜਾਂ ਬਾਰੇ ਪੁਣ-ਛਾਣ ਤਾਂ ਗ਼ਜ਼ਲ ਸ਼ਾਸਤਰ ਨੂੰ ਜਾਨਣ ਵਾਲੇ ਵਿਦਵਾਨ ਅਦੀਬ ਹੀ ਕਰ ਸਕਦੇ ਨੇ। ਅਸੀਂ 'ਪੰਜਾਬੀ ਸੱਥ' ਵਾਲੇ ਤਾਂ ਇਹਨਾਂ ਨੂੰ ਮਾਣ ਹੀ ਸਕਦੇ ਹਾਂ। ਸਾਨੂੰ ਮਹਿਰਮ ਦੀ ਲਿਖਤ 'ਚੋਂ ਸਾਦਗੀ, ਸੰਖੇਪਤਾ, ਸਰਲਤਾ ਦੇ ਨਾਲੋ ਨਾਲ ਸੰਜੀਦਗੀ ਵੀ ਸਪਸ਼ਟ ਦਿਖਾਈ ਦਿੰਦੀ ਹੈ, ਜਿਸ ਨੂੰ ਪੜ੍ਹ ਕੇ ਅਸੀਂ ਕੋਈ ਸੇਧ ਲੈ ਸਕਦੇ ਹਾਂ। ਸਾਨੂੰ ਉਮੀਦ ਹੈ ਕਿ ਜਸਵਿੰਦਰ ਮਹਿਰਮ ਦੀ ਗ਼ਜ਼ਲਾਂ ਦੀ ਇਹ ਕਿਤਾਬ 'ਇਹ ਵੀ ਸੱਚ ਹੈ' ਪੰਜਾਬੀ ਸਾਹਿਤ ਦੀ ਅਮੀਰੀ ਦੇ ਖਜ਼ਾਨੇ ਵਿੱਚ ਜ਼ਰੂਰ ਵਾਧਾ ਕਰੇਗੀ। ਇਹ ਵੀ ਪੱਕਾ ਯਕੀਨ ਹੈ ਕਿ ਜਸਵਿੰਦਰ ਮਹਿਰਮ ਦੁਆਬੇ ਜਾਂ ਪੰਜਾਬ ਦਾ ਨਹੀਂ ਬਲਕਿ ਸਮੁੱਚੇ ਪੰਜਾਬੀ ਜਗਤ ਦਾ ਸਿਰਕੱਢ ਗ਼ਜ਼ਲਗੋਅ ਬਣ ਕੇ ਏਸ ਧਰਤੀ ਦੀ ਆਮ ਲੋਕਾਈ ਨੂੰ ਹੋਰ ਬਿਹਤਰ ਢੰਗ ਨਾਲ ਜੀਣ ਲਈ ਸੇਧ ਦੇਵੇਗਾ।

ਮੋਤਾ ਸਿੰਘ ਸਰਾਏ
ਸੰਚਾਲਕ
ਯੂਰਪੀ ਪੰਜਾਬੀ ਸੱਥ
ਵਾਲਸਾਲ, ਯੂ. ਕੇ.

ਨਿਰਮਲ ਸਿੰਘ
ਸੇਵਾਦਾਰ
ਪੰਜਾਬੀ ਸੱਥ ਲਾਂਬੜਾ
ਜ਼ਿਲ੍ਹਾ ਜਲੰਧਰ।

# ਮੇਰੀ ਕਲਮ ਦਾ ਸਫ਼ਰ

ਜ਼ਿੰਦਗੀ ਦੇ ਸਫ਼ਰ ਦੇ ਇਕਵੰਜਾ ਸਾਲ ਪੂਰੇ ਕਰ ਲਏ ਹਨ। ਪਿਛਲ-ਝਾਤ ਮਾਰਾਂ ਤਾਂ ਇਸਦੇ ਪਹਿਲੇ 12-13 ਸਾਲਾਂ ਦਾ ਕੁਝ ਵੀ ਖ਼ਾਸ ਯਾਦ ਨਹੀਂ ਆਉਂਦਾ, ਜਿਸਦਾ ਜ਼ਿਕਰ ਕਰਾਂ। ਮੇਰਾ ਜਨਮ ਮੰਜਕੀ ਦੇ ਇਕ ਪਿੰਡ ਬੁੰਡਾਲਾ (ਜਲੰਧਰ) ਵਿੱਚ ਹੋਇਆ ਸੀ। ਜੋ ਕਿ ਇਸ ਇਲਾਕੇ ਦੇ ਕੁਝ ਵੱਡੇ ਪਿੰਡਾਂ 'ਚੋਂ ਇੱਕ ਹੈ। ਪੰਜ ਪੱਤੀਆਂ 'ਚ ਫੈਲਿਆ ਹੈ ਇਹ ਪਿੰਡ ।

ਮੇਰਾ ਬਾਪ ਮਜ਼ਦੂਰੀ (ਰਾਜਗਿਰੀ) ਕਰਦਾ ਸੀ ਤੇ ਮਾਂ ਘਰ ਦੇ ਬਾਕੀ ਕੰਮ। ਦੋਵੇਂ ਹੀ ਪੜ੍ਹਾਈ ਲਿਖਾਈ ਤੋਂ ਕੋਰੇ, ਪਰ ਆਪਣੀ ਔਲਾਦ ਨੂੰ ਪੜ੍ਹਾਉਣ 'ਚ ਰੁਚੀ ਰੱਖਦੇ ਸਨ। ਬਾਪੂ ਨੇ ਕਿਰਸ ਕਰ ਕਰ ਕੇ ਵਿਹੜੇ ਦੇ ਬਾਕੀ ਘਰਾਂ ਤੋਂ ਕਾਫੀ ਦੂਰ ਲਾਲ ਲਕੀਰ ਦੇ ਪਾਰ ਬਣੇ ਕੁਝ ਕੁ ਘਰਾਂ ਲਾਗੇ ਖੇਤਾਂ ਵਿੱਚ ਦਸ ਕੁ ਮਰਲੇ ਥਾਂ ਲੈਕੇ ਕੱਚੀਆਂ ਇੱਟਾਂ ਦਾ ਚਾਰ ਕੁ ਖਣਾਂ ਦਾ ਇੱਕ ਕੋਠਾ ਤੇ ਨਾਲ ਛੋਟੀ ਜਿਹੀ ਰਸੋਈ ਛੱਤ ਲਈ ਸੀ। ਸਾਡਾ ਘਰ ਇਕੱਲਾ ਇਕੱਲਾ ਜਿਹਾ ਸੀ। ਜੇ ਮੇਰਾ ਘਰ ਪਿੰਡ ਦੇ ਐਨ ਉੱਤਰ ਵਿੱਚ ਸੀ ਤਾਂ ਸਕੂਲ ਪਿੰਡ ਦੇ ਐਨ ਦੱਖਣ ਵਿੱਚ ਸਥਿਤ ਸੀ ਤੇ ਉਹ ਵੀ ਪਿੰਡ ਤੋਂ ਡੇਢ-ਦੋ ਕੁ ਮੀਲ ਬਾਹਰ ਨਿਕਲ ਕੇ। ਮੈਨੂੰ ਸਾਰਾ ਪਿੰਡ ਪਾਰ ਕਰਕੇ ਹੀ ਪੈਦਲ ਸਕੂਲ ਜਾਣਾ ਪੈਂਦਾ ਸੀ।

ਸੰਨ 1971-72 ਵਿੱਚ ਸ਼ਾਇਦ ਓਦੋਂ 6ਵੀਂ-7ਵੀਂ 'ਚ ਪੜ੍ਹਦਾ ਸੀ, ਪਹਿਲੀ ਵਾਰ ਹੜਤਾਲ ਸ਼ਬਦ ਨਾਲ ਵਾਹ ਪਿਆ। ਜਦੋਂ ਐਸ. ਐਫ਼. ਆਈ. ਦੀ ਇਸ ਇਲਾਕੇ ਦੀ ਇਕਾਈ ਵੱਲੋਂ ਸਕੂਲ ਜਾ ਰਹੇ ਸਾਰੇ ਵਿਦਿਆਰਥੀਆਂ ਨੂੰ ਸਕੂਲ ਤੋਂ ਅੱਧਾ ਕੁ ਮੀਲ ਪਹਿਲਾਂ ਹੀ ਰੋਕਿਆ ਜਾ ਰਿਹਾ ਸੀ। ਜ਼ਿੰਦਾਬਾਦ-ਮੁਰਦਾਬਾਦ ਵੀ ਪਹਿਲੀ ਵਾਰ ਹੀ ਨੇੜਿਓਂ ਸੁਣਿਆ ਸੀ। ਬੱਸ ਉਸੇ ਦਿਨ ਤੋਂ ਹੀ, ਜੋ ਕੁਝ ਆਲੇ ਦੁਆਲੇ ਹੁੰਦਾ ਦੇਖਦਾ, ਉਸ ਬਾਰੇ ਸੋਚਣ ਸਮਝਣ ਦੀ ਕੋਸ਼ਿਸ਼ ਕਰਨ ਲੱਗਾ।

ਪਿੰਡ 'ਚ ਕਦੇ ਕਦੇ ਕਮਿਊਨਿਸਟ ਪਾਰਟੀ ਵੱਲੋਂ ਇਨਕਲਾਬੀ ਨਾਟਕ ਕਰਵਾਏ ਜਾਂਦੇ ਤਾਂ ਉਹ ਵੀ ਦੇਖਣ ਜਾਣ ਲੱਗ ਪਿਆ। ਇਨ੍ਹਾਂ ਵਿੱਚ ਮਜ਼ਦੂਰਾਂ ਦੇ ਹੱਕਾਂ ਬਾਰੇ ਤੇ ਸਰਕਾਰ ਦੇ ਵਿਰੋਧ ਵਿੱਚ ਗੱਲਾਂ ਹੁੰਦੀਆਂ। ਪਰ ਸੱਚੀ ਗੱਲ ਇਹ ਸੀ ਕਿ ਓਦੋਂ ਮੇਰੇ ਬਾਲ-ਮਨ ਦੀ ਸਮਝ ਵਿੱਚ ਕੁਝ ਨਹੀਂ ਸੀ ਪੈਂਦਾ। ਪਿੰਡ ਦੇ ਹੀ ਕੁਝ ਕਵੀਆਂ ਨੂੰ ਵੀ ਕਦੇ-ਕਦੇ ਸੁਣਨ ਦਾ ਮੌਕਾ ਮਿਲਦਾ ਰਿਹਾ। ਜਿਨ੍ਹਾਂ ਵਿੱਚ ਜ਼ਿਕਰਯੋਗ ਨਾਂ ਗੁਰਦਾਸ ਰਾਮ ਆਲਮ, ਕਰਨੈਲ ਸਿੰਘ ਫ਼ਾਜ਼ਿਲ, ਰਾਮ ਦਾਸ ਖੋਜੀ, ਕਰਤਾਰ ਸਿੰਘ ਅਰਸ਼ ਆਦਿ ਰਹੇ ਹਨ।

ਸਕੂਲ 'ਚ ਪੜ੍ਹਦਿਆਂ ਅੱਠਵੀਂ ਜਮਾਤ ਤੋਂ ਹੀ ਲਾਇਬ੍ਰੇਰੀ 'ਚੋਂ ਕਿਤਾਬਾਂ ਕਢਵਾ ਕੇ ਪੜ੍ਹਦਾ ਰਿਹਾ। ਮਹੀਨੇ 'ਚ ਚਾਰ-ਪੰਜ ਕਿਤਾਬਾਂ ਤਾਂ ਮੈਂ ਪੜ੍ਹ ਹੀ ਲੈਂਦਾ ਸੀ। ਇਸ ਸਭ ਕੁਝ ਨਾਲ ਮਨ 'ਤੇ ਕੁਝ ਅਜਿਹਾ ਅਸਰ ਹੋਇਆ ਕਿ 75-76 ਤੋਂ ਮੈਂ ਵੀ ਕਾਗ਼ਜ਼ 'ਤੇ ਕੁਝ ਕੁਝ ਝਰੀਟਣਾ ਸ਼ੁਰੂ ਕਰ ਦਿੱਤਾ। ਪ੍ਰੋ. ਜੋਗਿੰਦਰ ਸਿੰਘ ਦੀ ਪਿੰਗਲ ਤੇ ਅਰੂਜ਼ ਦੀ ਕਿਤਾਬ ਲੈ ਕੇ ਪੜ੍ਹਨੀ ਸ਼ੁਰੂ ਕੀਤੀ, ਪਰ ਕੁਝ ਵੀ ਪਿੜ-ਪੱਲੇ ਨਾ ਪਿਆ।

ਓਦੋਂ ਤੋਂ ਲੈ ਕੇ ਹੁਣ ਤੱਕ ਇਹ ਸ਼ੌਕ ਵਧਦਾ ਹੀ ਗਿਆ, ਘਟਿਆ ਨਹੀਂ। ਇਸ ਸ਼ੌਕ ਨੇ ਮੈਨੂੰ ਜ਼ਿੰਦਗੀ 'ਚ ਆਈਆਂ ਪ੍ਰੇਸ਼ਾਨੀਆਂ ਵਿੱਚ ਬਹੁਤ ਸਹਾਰਾ ਦਿੱਤਾ ਹੈ ਤੇ ਦੇ ਰਿਹਾ ਹੈ। ਮਤਲਬ

ਕਿ ਮਾਨਸਿਕ ਤਨਾਅ ਜਾਂ ਦਿਮਾਗ 'ਤੇ ਪੈਣ ਵਾਲੇ ਕਿਸੇ ਵੀ ਬੋਝ ਤੋਂ ਬਚਾਈ ਰੱਖਿਆ ਹੈ। ਜਦੋਂ ਕਿਤਾਬ ਖਰੀਦਣ ਦੀ ਹਿੰਮਤ ਨਹੀਂ ਸੀ ਤਾਂ ਮੈਂ ਇਹ ਸ਼ੌਕ ਕਿਰਾਏ 'ਤੇ ਕਿਤਾਬਾਂ ਲੈ ਕੇ ਪੂਰਾ ਕਰਦਾ ਰਿਹਾ। ਹੁਣ ਜਿੱਥੋਂ ਵੀ ਕਿਤਾਬਾਂ ਹੱਥ ਆਉਂਦੀਆਂ ਹਨ, ਮੈਂ ਇਕੱਠੀਆਂ ਕਰਦਾ ਜਾ ਰਿਹਾ ਹਾਂ।

77-78 'ਚ ਰਾਮਗੜ੍ਹੀਆ ਕਾਲਜ ਫਗਵਾੜਾ 'ਚ ਬੀ. ਏ. 'ਚ ਦਾਖ਼ਲ ਹੁੰਦਿਆਂ ਹੀ ਮੈਂ ਨੌਕਰੀ ਦੀ ਤਲਾਸ਼ ਵੀ ਸ਼ੁਰੂ ਕਰ ਦਿੱਤੀ ਸੀ ਕਿਉਂਕਿ ਮੇਰੇ ਤੋਂ ਛੋਟੇ ਮੇਰੇ ਦੋ ਭਰਾ ਤੇ ਦੋ ਭੈਣਾਂ ਵੀ ਪੜ੍ਹ ਰਹੇ ਸਨ। ਮੈਂ ਸਭ ਤੋਂ ਵੱਡਾ ਸੀ। ਮੇਰਾ ਬਾਪ ਸਭ ਨੂੰ ਪੜ੍ਹਾਉਣਾ ਚਾਹੁੰਦਾ ਸੀ। ਹਾਇਰ ਸੈਕੰਡਰੀ ਕਰਨ ਤੋਂ ਬਾਅਦ ਹੀ ਮੈਂ ਰੁਜ਼ਗਾਰ ਦਫ਼ਤਰ 'ਚ ਆਪਣਾ ਨਾਂ ਨੌਕਰੀ ਲਈ ਦਰਜ਼ ਕਰਵਾ ਦਿੱਤਾ ਸੀ, ਜਿਸ ਕਰਕੇ ਮੈਨੂੰ ਕਦੇ ਕਦੇ ਇੰਟਰਵਿਊ ਲਈ ਸੱਦਾ ਆਉਣ ਲੱਗਾ ਤੇ ਛੇਤੀ ਹੀ ਜਨਵਰੀ 78 'ਚ ਮੈਨੂੰ ਸਿਖਿਆ ਵਿਭਾਗ 'ਚ ਕਲਰਕ ਦੀ ਨੌਕਰੀ ਮਿਲ ਗਈ। ਇੱਥੋਂ ਹੀ ਮੈਂ ਸ. ਅਮਰਜੀਤ ਸਿੰਘ ਸੰਧੂ ਹੁਰਾਂ ਨੂੰ 'ਅਰਸ਼ਦੀਪ' ਮੈਗ਼ਜ਼ੀਨ ਲਈ ਇੱਕ ਰਚਨਾ ਭੇਜੀ, ਜੋ ਛਪੀ ਤਾਂ ਨਹੀਂ ਪਰ ਸੰਧੂ ਸਾਹਿਬ ਵੱਲੋਂ ਇੱਕ ਖ਼ਤ ਜ਼ਰੂਰ ਮਿਲਿਆ। ਜਿਸ ਵਿੱਚ ਉਨ੍ਹਾਂ ਨੇ ਲਗਨ ਤੇ ਮਿਹਨਤ ਨਾਲ ਜੁੱਟੇ ਰਹਿਣ ਦੇ ਸੁਨੇਹੇ ਦੇ ਨਾਲ ਨਾਲ ਮਿਲਣ ਲਈ ਵੀ ਤਾਕੀਦ ਕੀਤੀ ਸੀ। ਮੇਰੇ ਮਨ ਵਿੱਚ ਵੀ ਉਨ੍ਹਾਂ ਨੂੰ ਮਿਲਣ ਦੀ ਤਾਂਘ ਵਧ ਗਈ।

ਇਨਸਾਨ ਆਪਣੀ ਜ਼ਿੰਦਗੀ ਵਿੱਚ ਬਹੁਤ ਕੁਝ ਕਰਨਾ ਚਾਹੁੰਦਾ ਹੈ, ਪਰ ਜਿਵੇਂ ਸਿਆਣੇ ਕਹਿੰਦੇ ਹਨ ਕਿ ਹਰ ਕੰਮ ਦਾ ਆਪਣਾ ਸਮਾਂ ਨਿਸਚਿਤ ਹੁੰਦਾ ਹੈ। ਸਮੇਂ ਤੋਂ ਪਹਿਲਾਂ ਲੱਖ ਕੋਸ਼ਿਸ਼ ਕਰਨ 'ਤੇ ਵੀ ਕੁਝ ਨਹੀਂ ਹੁੰਦਾ। ਮਜਬੂਰੀਆਂ, ਦੁਸ਼ਵਾਰੀਆਂ ਤੇ ਜ਼ਿੰਮੇਵਾਰੀਆਂ 'ਚ ਕੁਝ ਅਜਿਹਾ ਉਲਝਿਆ ਕਿ ਅਗਲੇ 25-26 ਵਰ੍ਹਿਆਂ ਤੱਕ ਸੰਧੂ ਸਾਹਿਬ ਨਾਲ ਕੋਈ ਮੇਲ ਨਾ ਹੋ ਸਕਿਆ। ਇਨ੍ਹਾਂ 'ਚੋਂ 15-16 ਵਰ੍ਹੇ ਮੈਂ ਕੁਝ ਵੀ ਖ਼ਾਸ ਨਾ ਲਿਖ ਸਕਿਆ। ਸ਼ਾਇਦ ਇਹ ਉਹ ਸਮਾਂ ਸੀ ਜਦੋਂ ਸੰਧੂ ਸਾਹਿਬ ਖ਼ੁਦ ਵੀ ਲਿਖਣ ਪੜ੍ਹਨ ਤੋਂ ਪਾਸਾ ਵੱਟ ਗਏ ਸਨ।

1996 ਤੋਂ ਮੈਂ ਬਦਲੀ ਕਰਵਾ ਕੇ ਸਰਕਾਰੀ ਹਾਈ ਸਕੂਲ ਚਿਹੇੜੂ ਆ ਗਿਆ ਸੀ ਤੇ ਰਿਹਾਇਸ਼ ਵੀ ਫਗਵਾੜੇ ਕਰ ਲਈ ਸੀ। ਇੱਥੋਂ ਹੀ ਮੈਂ ਸਾਹਿਤਕ ਸਮਾਗਮਾਂ ਵਿੱਚ ਸਰਗਰਮੀ ਨਾਲ ਸ਼ਿਰਕਤ ਕਰਨੀ ਸ਼ੁਰੂ ਕਰ ਦਿੱਤੀ। ਤੇ ਸਾਹਿਤ ਨਾਲ ਜੁੜੀਆਂ ਉਨ੍ਹਾਂ ਬਹੁਤ ਸਾਰੀਆਂ ਹਸਤੀਆਂ ਨੂੰ, ਜਿਨ੍ਹਾਂ ਦੇ ਸਿਰਫ਼ ਨਾਮ ਤੋਂ ਹੀ ਵਾਕਿਫ਼ ਸੀ, ਨੇੜਿਓਂ ਤੱਕਿਆ। ਕਈ ਸਭਾਵਾਂ ਨਾਲ ਜੁੜਿਆ ਵੀ, ਪਰ ਸੰਤੋਸ਼ਜਨਕ ਹੁੰਗਾਰਾ ਨਾ ਮਿਲਣ ਕਰਕੇ ਉਹ ਮੈਨੂੰ ਰਾਸ ਨਾ ਆਈਆਂ।

ਸਾਲ 2004 ਵਿੱਚ ਮੈਂ ਆਪਣਾ ਕਾਵਿ-ਸੰਗ੍ਰਹਿ ਛਪਵਾਉਣ ਦੀ ਤਿਆਰੀ ਕਰ ਲਈ ਸੀ। ਹਾਂ! ਕਾਵਿ-ਸੰਗ੍ਰਹਿ ਹੀ ਕਹਾਂਗਾ। ਕਿਉਂਕਿ ਇਸ ਵਿੱਚ ਲਿਖੀਆਂ ਰਚਨਾਵਾਂ ਗ਼ਜ਼ਲਾਂ ਵਰਗੀ ਸ਼ਕਲ ਸੂਰਤ ਤਾਂ ਜ਼ਰੂਰ ਰੱਖਦੀਆਂ ਸਨ, ਪਰ ਗ਼ਜਲਾਂ ਨਹੀਂ ਸਨ। ਬੇਸ਼ੱਕ ਹੁਣ ਤਕ ਮੈਂ ਜਨਾਬ ਦੀਪਕ ਜੈਤੋਈ ਸਾਹਿਬ ਤੇ ਚਾਨਣ ਗੋਬਿੰਦਪੁਰੀ ਹੁਰਾਂ ਦੀਆਂ ਗ਼ਜ਼ਲ-ਵਿਧਾ ਬਾਰੇ ਲਿਖੀਆਂ ਕਿਤਾਬਾਂ ਵੀ ਪੜ੍ਹ ਚੁੱਕਾ ਸੀ। ਸਮੇਂ ਸਮੇਂ 'ਤੇ ਹੱਥ ਆਏ ਕਈ ਗ਼ਜ਼ਲ-ਸੰਗ੍ਰਹਿ ਵੀ ਪੜ੍ਹ ਚੁੱਕਾ ਸਾਂ। ਪਰ ਗ਼ਜ਼ਲ ਬਾਰੇ ਸਮਝਾਉਣ ਵਾਲਾ ਅਜੇ ਕੋਈ ਨਹੀਂ ਸੀ ਮਿਲਿਆ। ਸ਼ਾਇਦ ਇਸੇ ਕਰਕੇ ਹੀ ਮੈਂ ਇਹ ਕਿਤਾਬ ਛਪਵਾਉਣ ਦਾ ਵਿਚਾਰ ਹਾਲ ਦੀ ਘੜੀ ਤਿਆਗ ਦੇਣ ਦਾ ਹੀ ਮਨ ਬਣਾ ਲਿਆ ਤੇ 2005 ਵਿੱਚ, ਜਿਸ ਕਿਤਾਬ ਬਾਰੇ ਕਦੇ ਕੁਝ ਸੋਚਿਆ ਵੀ ਨਹੀਂ ਸੀ, ਜਿੰਗਾ ਸਿੰਘ ਤੇ ਮਨਜੀਤ ਸੋਹਲ ਦੇ ਕਹਿਣ 'ਤੇ ਮੈਂ ਆਪਣੀ ਕਹਾਣੀਆਂ ਦੀ ਕਿਤਾਬ 'ਨਾ ਪੁੱਤ, ਨਾ' ਛਪਾ ਬੈਠਾ।

ਇਸੇ ਸਾਲ ਹੀ ਇੱਕ ਸੁਭਾਗੇ ਦਿਨ ਮੇਰੀ ਮੁਲਾਕਾਤ ਉਸਤਾਦ ਗ਼ਜ਼ਲਗੋ ਸ. ਅਮਰਜੀਤ ਸਿੰਘ ਸੰਧੂ ਜੀ ਨਾਲ ਹੋ ਗਈ। ਦਾਦਰ ਪੰਡੋਰਵੀ ਮੇਰੇ ਨਾਲ ਸੀ। ਪਿਛਲੇ ਕਾਫ਼ੀ ਸਮੇਂ ਤੋਂ ਮੈਂ ਦਾਦਰ ਪੰਡੋਰਵੀ ਨਾਲ ਸੰਧੂ ਸਾਹਿਬ ਨੂੰ ਮਿਲਣ ਜਾਣ ਬਾਰੇ ਕਹਿ ਚੁੱਕਾ ਸਾਂ। ਪਰ ਸਾਡਾ ਕੋਈ ਪਰੋਗਰਾਮ ਨਹੀਂ ਸੀ ਬਣ ਰਿਹਾ। ਉਸ ਦਿਨ ਜਲੰਧਰ ਗਦਰੀ ਬਾਬਿਆਂ ਦੇ ਮੇਲੇ ਤੋਂ ਵਾਪਿਸ ਆਉਂਦਿਆਂ ਦਕੋਹਾ ਫਾਟਕ ਤੱਕ ਪਹੁੰਚਣ ਤੋਂ ਪਹਿਲਾਂ ਅਚਾਨਕ ਮੈਂ ਦਾਦਰ ਨੂੰ ਸੰਧੂ ਸਾਹਿਬ ਨਾਲ ਫੋਨ 'ਤੇ ਗੱਲ ਕਰਨ ਲਈ ਕਿਹਾ। ਫੋਨ 'ਤੇ ਉਸਨੇ ਮਿਲਣ ਲਈ ਸਮਾਂ ਮੰਗਿਆ ਤਾਂ ਉਨ੍ਹਾਂ ਉਸੇ ਸਮੇਂ ਘਰ

ਆਉਣ ਲਈ ਕਹਿ ਦਿੱਤਾ। ਮੇਰੀ ਉਨ੍ਹਾਂ ਦੇ ਦਰਸ਼ਨ ਕਰਨ ਦੀ ਵਰ੍ਹਿਆਂ ਦੀ ਰੀਝ ਪੂਰੀ ਹੋ ਗਈ। ਉਨ੍ਹਾਂ ਨਾਲ ਮਿਲ, ਬੈਠ ਕੇ ਚੰਗਾ ਲੱਗਾ। ਗ਼ਜ਼ਲ ਬਾਰੇ ਗੱਲ ਬਾਤ ਹੋਈ ਤਾਂ ਉਨ੍ਹਾਂ ਤੋਂ ਗ਼ਜ਼ਲ ਸ਼ਾਸਤਰ ਬਾਰੇ ਜਾਨਣ, ਸਿੱਖਣ ਦੀ ਬੇਨਤੀ ਵੀ ਉਨ੍ਹਾਂ ਨੂੰ ਇਸੇ ਦਿਨ ਕਰ ਦਿੱਤੀ। ਜੋ ਉਨ੍ਹਾਂ ਨੇ ਸਹਿਜ ਸੁਭਾਅ ਹੀ ਸਵੀਕਾਰ ਕਰ ਲਈ। ਮੈਨੂੰ ਜ਼ਰਾ ਵੀ ਮਹਿਸੂਸ ਨਹੀਂ ਹੋਇਆ ਕਿ ਮੈਂ ਉਨ੍ਹਾਂ ਨੂੰ ਪਹਿਲੀ ਵਾਰ ਮਿਲਿਆ ਹਾਂ।

ਵੈਸੇ ਇਹ ਦੁਨੀਆਂ ਵੀ ਬਹੁਰੰਗੀ ਹੈ। ਇਸਦੇ ਸਾਰੇ ਰੰਗਾਂ ਨੂੰ ਫੜ੍ਹਨਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੈ। ਸੋ ਜਿੰਨੇ ਕੁ ਰੰਗ ਸੋਚ ਸਮਝ ਵਿੱਚ ਆਉਂਦੇ ਹਨ ਉਨ੍ਹਾਂ ਨੂੰ ਆਪਣੀਆਂ ਗ਼ਜ਼ਲਾਂ 'ਚ ਭਰਨ ਦੀ ਕੋਸ਼ਿਸ਼ ਕਰਦਾ ਹਾਂ। ਝੂਠ ਮੈਥੋਂ ਬਰਦਾਸ਼ਤ ਨਹੀਂ ਹੁੰਦਾ ਤੇ ਸੱਚ ਦੂਜਿਆਂ ਨੂੰ ਹਜ਼ਮ ਨਹੀਂ ਹੁੰਦਾ। ਪਰ ਮੈਂ ਜੋ ਕਹਿਣਾ ਹੁੰਦਾ ਹੈ, ਅਗਲੇ ਦੇ ਮੂੰਹ ਤੇ ਹੀ ਕਹਿ ਦਿੰਦਾ ਹਾਂ। ਭਲੇ ਹੀ ਮੇਰੀ ਇਸ ਆਦਤ ਨੇ ਬਹੁਤ ਸਾਰੇ ਨਜ਼ਦੀਕੀ ਲੋਕਾਂ ਨੂੰ ਮੈਥੋਂ ਦੂਰ ਕਰ ਦਿੱਤਾ ਹੈ। ਸੰਧੂ ਸਾਹਿਬ ਵੀ ਇਹੋ ਜਿਹੀ ਫ਼ਿਤਰਤ ਦੇ ਮਾਲਿਕ ਹਨ। ਸ਼ਾਇਦ ਇਸੇ ਕਰਕੇ ਮੇਰੀ ਉਨ੍ਹਾਂ ਨਾਲ ਜ਼ਿਆਦਾ ਬਣਦੀ ਹੈ।

ਦਿਨੋ ਦਿਨ ਉਨ੍ਹਾਂ ਨਾਲ ਮੁਲਾਕਾਤਾਂ ਦਾ ਸਿਲਸਿਲਾ ਵਧ ਗਿਆ। ਗ਼ਜ਼ਲ ਅਤੇ ਗ਼ਜ਼ਲ ਸ਼ਾਸਤਰ ਬਾਰੇ ਉਨ੍ਹਾਂ ਊੜਾ-ਐੜਾ ਸਿੱਖਣ ਵਾਂਗ ਮੁੱਢ ਤੋਂ ਸਮਝਾਇਆ। ਜਿਸ ਤਰ੍ਹਾਂ ਉਹ ਗ਼ਜ਼ਲ ਦੀ ਵਿਧਾ ਬਾਰੇ ਦੱਸਦੇ ਤੇ ਸਮਝਾਉਂਦੇ ਹਨ, ਸ਼ਾਇਦ ਹੀ ਕੋਈ ਹੋਰ ਸਮਝਾਉਂਦਾ ਹੋਵੇ। ਉਨ੍ਹਾਂ ਤੋਂ ਗ਼ਜ਼ਲ ਸਾਸਤਰ ਬਾਰੇ ਸਮਝ ਕੇ ਗ਼ਜ਼ਲ ਲਿਖਣੀ ਔਖੀ ਲੱਗਦੀ ਹੀ ਨਹੀਂ।

ਅੱਜ ਆਪਣੀ ਇਹ ਕਿਤਾਬ 'ਇਹ ਵੀ ਸੱਚ ਹੈ' ਛਪਣ 'ਤੇ ਮੈਂ ਉਸ ਸਰਬ-ਕਲਾ-ਸੰਪੂਰਨ ਪ੍ਰਮਾਤਮਾ ਦਾ ਕੋਟਾਨ-ਕੋਟ ਸ਼ੁਕਰਾਨਾ ਤੇ ਧੰਨਵਾਦ ਕਰਦਾ ਹਾਂ, ਉਸਦੀ ਮਿਹਰ ਸਦਕਾ ਹੀ ਮੈਨੂੰ, ਆਪਣੇ ਜ਼ਿਹਨ ਵਿੱਚ ਉਮੜ੍ਹਦੇ ਜਜ਼ਬਾਤ ਨੂੰ ਸ਼ਬਦਾਂ ਵਿੱਚ ਜੜਨ ਦੀ ਸੋਝੀ ਪੈਦਾ ਹੋਈ।

ਮੇਰੀ ਇਸ ਕਿਤਾਬ ਦਾ ਮੁੱਖ-ਬੰਦ ਲਿਖ ਕੇ, ਟਾਈਪ-ਸੈਟਿੰਗ ਕਰਕੇ ਤੇ ਮੇਰੀ ਹਰ ਗ਼ਜ਼ਲ ਨੂੰ ਸੇਧਾਂ ਤੇ ਸੋਧਾਂ ਨਾਲ ਮੇਰੇ ਕਾਮਿਲ ਮੁਰਸ਼ਦ ਸ. ਅਮਰਜੀਤ ਸਿੰਘ ਸੰਧੂ ਜੀ ਨੇ ਸਿੰਗਾਰਿਆ ਹੈ। ਮੇਰਾ ਵਜੂਦ ਸਦਾ ਹੀ ਉਨ੍ਹਾਂ ਦਾ ਰਿਣੀ ਰਹਾਂਗਾ। ਮੈਂ ਉਨ੍ਹਾਂ ਦੀਆਂ ਦਿੱਤੀਆਂ ਇਨ੍ਹਾਂ ਸੇਧਾਂ ਤੇ ਸੋਧਾਂ ਨੂੰ ਸਦਾ ਹੀ ਪੱਲੇ ਬੰਨ੍ਹ ਕੇ ਰੱਖਾਂਗਾ।

ਇਸ ਕਿਤਾਬ ਦਾ ਖ਼ੂਬਸੂਰਤ ਟਾਈਟਲ ਡਿਜ਼ਾਇਨ ਕਰਨ ਲਈ ਮੈਂ ਪ੍ਰੋ. ਸੁਧਾਮਣੀ ਸੂਦ ਜੀ ਦਾ ਤਹਿ ਦਿਲੋਂ ਧੰਨਵਾਦੀ ਹਾਂ।

ਮੈਂ ਪੰਜਾਬ, ਪੰਜਾਬੀਅਤ, ਪੰਜਾਬੀ ਮਾਂ ਬੋਲੀ ਅਤੇ ਉਸਦੇ ਲਾਡਲਿਆਂ (ਭਾਵ ਲੇਖਕਾਂ) ਦਾ ਸਤਿਕਾਰ ਕਰਨ ਵਾਲੀ ਜੱਥੇਬੰਦੀ ਯੂਰਪੀ ਪੰਜਾਬੀ ਸੱਥ ਵਾਲਸਾਲ, ਯੂ. ਕੇ. ਤੇ ਮੰਜਕੀ ਪੰਜਾਬੀ ਸੱਥ, ਭੰਗਾਲਾ (ਜਲੰਧਰ) ਦੇ ਚੋਣਕਾਰਾਂ ਦਾ ਬੇਹੱਦ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਨੇ ਮੇਰੇ ਇਸ ਗ਼ਜ਼ਲ ਸੰਗ੍ਰਹਿ 'ਇਹ ਵੀ ਸੱਚ ਹੈ' ਨੂੰ ਆਪਣੀ ਸੰਸਥਾ ਵੱਲੋਂ ਛਪਵਾ ਕੇ ਮੇਰੀਆਂ ਰਚਨਾਵਾਂ ਨੂੰ ਪਾਠਕਾਂ ਤੱਕ ਪਹੁੰਚਾਉਣ ਵਿਚ ਮੇਰੀ ਮਦਦ ਕੀਤੀ ਹੈ। ਵਿਸ਼ੇਸ਼ ਕਰਕੇ ਸ. ਮੋਤਾ ਸਿੰਘ ਸਰਾਏ, ਪ੍ਰਿੰ. ਕੁਲਵਿੰਦਰ ਸਿੰਘ ਸਰਾਏ ਤੇ ਡਾ. ਨਿਰਮਲ ਸਿੰਘ ਜੀ ਦਾ, ਜਿਨ੍ਹਾਂ ਨੇ ਇਸ ਕਿਤਾਬ ਦਾ ਖਰੜਾ ਵਾਚ ਕੇ ਮੈਨੂੰ ਇਹ ਮਾਣ ਬਖਸ਼ਿਆ ਹੈ।

ਅੰਤ ਵਿੱਚ ਮੈਂ ਸੂਝਵਾਨ ਪਾਠਕਾਂ, ਲੇਖਕਾਂ ਤੇ ਆਲੋਚਕਾਂ ਨੂੰ ਧੰਨਵਾਦ ਸਹਿਤ ਬੇਨਤੀ ਕਰਦਾ ਹਾਂ ਕਿ ਉਹ ਆਪਣੇ ਬੇਸ਼ਕੀਮਤੀ ਤੇ ਉਸਾਰੂ ਸੁਝਾਵਾਂ ਅਤੇ ਰਾਵਾਂ ਦੇ ਨਾਲ ਮੇਰਾ ਮਾਰਗ-ਦਰਸ਼ਨ ਕਰਨ। ਮੈਂ ਸਭ ਦੇ ਖ਼ਤਾਂ ਦਾ ਬੇਸਬਰੀ ਨਾਲ ਇੰਤਜ਼ਾਰ ਕਰਾਂਗਾ।

ਤੁਹਾਡਾ ਆਪਣਾ,

ਜਸਵਿੰਦਰ ਮਹਿਰਮ
426/8-ਬੀ, ਸ਼ਹੀਦ ਊਧਮ ਸਿੰਘ ਨਗਰ,
ਡਾਕ. ਸਤਨਾਮਪੁਰਾ, ਫਗਵਾੜਾ (ਕਪੂਰਥਲਾ) - 144402.
ਫੋਨ- ਘਰ -01824-278371, ਮੋਬ. 98144-14317.

# ਤਤਕਰਾ


1. ਬਾਵਰਾ ਹੋਇਆ
2. ਓਹੀ ਸ਼ਾਮਿਲ ਹੋਵੇਗਾ
3. ਉਲਫ਼ਤ ਨਹੀਂ ਹੁੰਦੀ
4. ਰਾਸ ਰਹਿੰਦੇ ਨੇ
5. ਖਿੜਿਆ ਜਦੋਂ ਗੁਲਾਬ
6. ਸਾਗਰ ਕਿਵੇਂ ਤਰਦਾ
7. ਚੌਰਾਹੇ ਵਿਚ ਖੜਾ
8. ਮਿਲਿਆਂ ਹੋ ਗਈ ਮੁੱਦਤ
9. ਹਾਸੇ ਦੀ ਛਣਕਾਰ ਕੁੜੇ।
10. ਦਿਨ ਮਾੜੇ
11. ਹਰ ਸਮੇਂ ਜਲ਼ਦੇ ਮਿਲੇ
12. ਯਾਰ ਮਿਲਾਈਆਂ ਅੱਖੀਆਂ
13. ਕਿਸੇ ਨੂੰ ਕੀ ਦੱਸੀਏ
14. ਤੱਤੀਆਂ ਤੇਜ਼ ਹਵਾਵਾਂ
15. ਇਕਤਾਰਾ ਵੱਜਦਾ ਹੈ
16. ਆਸੇ ਪਾਸੇ ਦੇਖ
17. ਕਦੇ ਨਾ ਹਾਦਸੇ ਹੁੰਦੇ
18. ਬੇਵਫ਼ਾ ਕਿਉਂ ਹੋ ਰਿਹਾ ਹੈ
19. ਪਤਾ ਮਿਲਦਾ ਨਹੀਂ
20. ਮਸਜਿਦ ਮੰਦਰ ਦੇਖ
21. ਹਾਹਾਕਾਰ ਹੈ
22. ਰੰਗੀਨ ਵੀ ਵੀਰਾਨ ਵੀ
23. ਬੁਰਾ ਕੀ ਹੋ ਰਿਹਾ ਹੈ
24. ਪਰਦਾ ਨਹੀਂ
25. ਭਰਮ ਰਿਹਾ ਏ ਟੁੱਟ
26. ਵਫ਼ਾ ਦਾ ਗੀਤ ਹੈ
27. ਅਦਾ ਉਦ੍ਹੀ
28. ਹਰ ਸਮੇਂ ਕਰਦਾ ਰਿਹਾ
29. ਬੇਕਾਰ ਹੀ ਗਿਲਾ ਦਿਲਾ
30. ਜਦੋਂ ਮਰਜ਼ੀ
31. ਤਸਵੀਰ ਵਸੇ ਦਿਲ ਵਿੱਚ
32. ਭੁਲਾ ਕੇ ਯਾਦ
33. ਬਹਿ ਗਿਆ ਹੋਣੈ
34. ਖਲੋ ਕੇ
35. ਕਿੰਨੇ ਉਦਾਸ ਚਿਹਰੇ
36. ਮਿਲਣਾ ਵਰਤਣਾ ਪੈਂਦੈ
37. ਹਾਦਸਾ ਹੋਇਆ
38. ਖੁਸ਼ੀਆਂ-ਖੇੜੇ ਸੌਨ-ਸਵੇਰੇ।
39. ਸਮਝੇ ਉੱਚੀ ਸ਼ਾਨ
40. ਕੋਸ਼ਿਸ਼ ਕਰੀਂ
41. ਕੁਝ ਹਾਦਸੇ ਵਰਗਾ
42. ਕੋਈ ਹਿਸਾਬ
43. ਕੁਝ ਵੀ ਨਹੀਂ
44. ਹੋਸ਼ ਭੁਲਾ ਦਿੰਦਾ ਹੈ
45. ਜਦੋਂ ਮਿਲਦੇ
46. ਸਾਗਰ ਲਗਦਾ ਹੈ
47. ਮੌਸਮ ਹੈ ਬਰਸਾਤਾਂ ਦਾ
48. ਐਵੇਂ ਦਿਲਲਗੀ ਕਰਦੈ
49. ਲਾਜ਼ਮੀ ਨਊਂ
50. ਦਖ਼ਲ ਜੇ ਹੈ ਸਿਆਸਤ ਦਾ
51. ਖੁਸ਼ੀ ਦੇਖੀ ਨਹੀਂ ਜਾਂਦੀ
52. ਸੋਚਦਾ ਹਾਂ
53. ਕਿਵੇਂ ਬਨਾਉਣਾ ਘਰ ਨੂੰ
54. ਪੁੱਛਣ ਦੱਸਣ ਦਾ
55. ਹਿੰਮਤ ਕਰ ਕੇ
56. ਪੋਟਿਆਂ ਦੀ ਚਾਲ ਵਿਚ
57. ਰੱਬ ਹੀ ਬਣਾ ਦੇਵੇ
58. ਨਹੀਂ ਮਿਲਿਆ
59. ਦਗ਼ਾ ਹੁੰਦੇ ਹੋਏ ਵੀ
60. ਜਲਵੇ ਦਿਖਾ ਦਿਖਾ ਕੇ
61. ਫਿਰ ਦੋਸ਼ ਲੱਗਿਆ ਹੈ
62. ਹੱਤਿਆਰੇ ਲੋਕ
63. ਹਰ ਤਰ੍ਹਾਂ ਦੇ ਜ਼ਹਿਰ ਦਾ
64. ਕੁਝ ਚੋਣਵੇਂ ਸ਼ਿਅਰ

## ਇੱਕ

ਬਹਿਰ- ਹਜ਼ਜ਼ ਮੁਸੱਮਨ ਸਾਲਿਮ
ਰੁਕਨ- ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ
**ISSS ISSS ISSS ISSS**

ਇਹ ਕਿਹੜੇ ਧਰਮ ਦਾ ਬੰਦਾ, ਹੈ ਜੋ ਅੱਜ ਬਾਵਰਾ ਹੋਇਆ।
ਕਿ ਅਪਣੇ ਕਰਤੇ ਨੂੰ ਭੁੱਲ ਕੇ ਫਿਰੇ ਖ਼ੁਦ ਹੀ ਖ਼ੁਦਾ ਹੋਇਆ।

ਖ਼ੁਦਾ ਦੇ ਨਾਮ 'ਤੇ ਦੰਗੇ ਕਦੇ ਭਗਵਾਨ ਦੇ ਨਾਂ 'ਤੇ,
ਇਨ੍ਹਾਂ 'ਚੋਂ ਕੌਣ ਹੈ ਜਿੱਤਦਾ, ਕਦੇ ਨਾ ਫ਼ੈਸਲਾ ਹੋਇਆ।

ਕਤਅ:
ਜੋ ਘੁੱਗ ਵਸਦਾ ਨਗਰ ਸੀ ਉਹ ਕਿਵੇਂ ਅੱਜ ਅਧਜਲਾ ਹੋਇਆ।
ਜਿਨ੍ਹਾਂ ਕੀਤਾ ਹੈ ਇਹ ਕਾਰਾ, ਉਨ੍ਹਾਂ ਦਾ ਕੀ ਭਲਾ ਹੋਇਆ।
ਦਿਲਾਂ ਤੇ ਕਰਫਿਊ ਲਗਿਆ, ਘਰਾਂ ਵਿਚ ਘਿਰ ਗਏ ਲੋਕੀ,
ਹਰਿਕ ਦੇ ਮੂੰਹ 'ਚੋਂ ਇਹ ਨਿਕਲੇ, ਬੁਰਾ ਹੋਇਆ, ਬੁਰਾ ਹੋਇਆ।

ਦਵਾ ਨੂੰ ਕੌਣ ਤਰਸੇ, ਕੌਣ ਭੁੱਖੇ ਪੇਟ ਸੁੱਤਾ ਹੈ,
ਸਿਆਸੀ ਲੋਕਾਂ 'ਤੇ ਹੈ ਕਦ ਅਸਰ ਇਸ ਦਾ ਜ਼ਰਾ ਹੋਇਆ।

ਕਿਤੇ ਨਿਰਦੋਸ਼ ਦੀ ਹੱਤਿਆ, ਕਿਤੇ ਅੱਗਾਂ, ਕਿਤੇ ਲੁੱਟਾਂ,
ਇਵੇਂ ਲਗਦੈ ਜਿਵੇਂ ਬੰਦੇ 'ਚੋਂ ਬੰਦਾ ਹੀ ਜੁਦਾ ਹੋਇਆ।

ਅਸਾਡੇ ਪੁੱਤ, ਭਰਾ ਬਾਪੂ ਤੇ ਕਿੰਨੇ ਹੋਰ ਵੀ ਅਪਣੇ,
ਅਸਾਥੋਂ ਲੈ ਗਿਆ ਖੋਹ ਕੇ, ਜਦੋਂ ਕੋਈ ਹਾਦਸਾ ਹੋਇਆ।

ਇਨ੍ਹਾਂ ਵੇਦਾਂ, ਕਤੇਬਾਂ ਨੇ, ਜੋ ਸਾਨੂੰ ਸ਼ਬਦ ਦਿੱਤਾ ਹੈ,
ਅਸੀਂ ਉਹ ਅਰਥ ਨਾ ਸਮਝੇ, ਪਕੜ ਨਾ ਰਾਸਤਾ ਹੋਇਆ।

ਕਦੋਂ ਤਕ ਦੇਖਦੇ ਰਹਿਣਾ, ਭਲੇ ਲੋਕੋ, ਭਲਾ ਸੋਚੋ,
ਫ਼ਸਾਦਾਂ 'ਚੋਂ ਕਿਸੇ ਨੂੰ ਵੀ, ਕਦੇ ਕੁਝ ਹੈ ਨਫ਼ਾ ਹੋਇਆ?

ਅਸੀਂ ਇਨਸਾਫ਼ ਦੀ ਕੁਰਸੀ 'ਤੇ ਕਾਤਿਲ ਕਿਉਂ ਬਿਠਾ ਦਿੱਤੇ,
ਕਿਸੇ ਕੋਲੋਂ ਅਜੇ ਤੱਕ ਵੀ, ਇਹ ਪਰਦਾ ਨਾ ਹਟਾ ਹੋਇਆ।

ਘਰਾਂ ਵਿਚ ਬੈਠ ਹੀ ਸਭ ਸੋਚਦੇ 'ਮਹਿਰਮ' ਅਮਨ ਬਾਰੇ,
ਅਮਨ ਦਾ ਦੇਣਗੇ ਹੋਕਾ, ਜਿਨ੍ਹਾਂ ਵਿਚ ਹੌਸਲਾ ਹੋਇਆ।

## (ਦੋ)

ਬਹਿਰ- ਮੁਤਦਾਰਿਕ
ਰੁਕਨ- ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇ
SS SS SS SS SS SS SS S

ਕੁਰਸੀ ਦੌੜ 'ਚ ਜਦ ਵੀ ਹੋਊ, ਓਹੀ ਸ਼ਾਮਿਲ ਹੋਵੇਗਾ।
ਜੋ ਲੋਕਾਂ ਨੂੰ ਝੂਠੇ ਲਾਰੇ ਲਾਉਣ ਦੇ ਕਾਬਿਲ ਹੋਵੇਗਾ।

ਕੋਸ਼ਿਸ਼ ਕਰਕੇ ਦੇਖ ਜ਼ਰਾ ਤੂੰ, ਅਪਣੀ ਮੰਜ਼ਿਲ ਪਾਉਣੀ ਜੇ,
ਜਿੱਤ ਨਹੀਂ ਤਾਂ 'ਹਾਰ ਦਾ ਕਾਰਨ', ਕੁਝ ਤਾਂ ਹਾਸਿਲ ਹੋਵੇਗਾ।

ਉਸਨੇ ਅਪਣੀ ਰਾਖੀ ਖ਼ਾਤਿਰ, ਐਨੀ ਗਾਰਦ ਰੱਖੀ ਹੈ,
ਸੋਚ ਲਵੋ ਲੋਕਾਂ ਦਾ ਨੇਤਾ , ਕਿੰਨਾਂ ਬੁਜ਼ਦਿਲ ਹੋਵੇਗਾ।

ਫਿਰ ਤਾਂ ਕਿਸੇ ਬੇਦੋਸ਼ੇ ਨੂੰ ਹੀ, ਟੰਗਿਆ ਜਾਊ ਫਾਂਸੀ 'ਤੇ,
ਜੱਜਾਂ ਦੀ ਟੋਲੀ ਵਿੱਚ ਹੀ ਜੇ, ਬੈਠਾ ਕਾਤਿਲ ਹੋਵੇਗਾ।

ਮੇਰੀ ਮੰਜ਼ਿਲ ਪੂਰਬ ਹੈ ਤੇ ਤੇਰੀ ਮੰਜ਼ਿਲ ਪੱਛਮ ਹੈ,
ਫੇਰ ਕਿਵੇਂ ਦੱਸ ਤੇਰਾ ਮੇਰਾ ਇਕ ਹੀ ਸਾਹਿਲ ਹੋਵੇਗਾ।

ਪਲ ਵਿਚ ਮੁੱਖੜਾ ਮੋੜ ਗਿਆ ਏ, 'ਭੁੱਲ ਜਾਹ ਮੈਨੂੰ' ਕਹਿਕੇ ਜੋ,
ਉਹ ਕੀ ਜਾਣੇਂ ਉਸਨੂੰ ਭੁੱਲਣਾ, ਕਿੰਨਾਂ ਮੁਸ਼ਕਿਲ ਹੋਵੇਗਾ।

ਕੁੱਖ ਵਿਚ ਕਤਲ ਕਰਾ ਕੇ ਧੀ ਨੂੰ, ਪੁੱਤ ਦੇ ਸੁਪਨੇ ਲੈਂਦੀ ਜੋ,
ਐਸੀ ਮਾਂ ਦੇ ਸੀਨੇ ਵਿਚ ਤਾਂ, ਪੱਥਰ ਦਾ ਦਿਲ ਹੋਵੇਗਾ।

ਅਪਣੇ ਆਪ ਤਾਂ ਕੁਝ ਨਈਂ ਆਉਂਦਾ, ਸਭ ਕੁਝ ਸਿੱਖਣਾ ਪੈਂਦਾ ਹੈ,
ਉਸਨੂੰ ਮੰਜ਼ਿਲ ਮਿਲਣੀ ਜਿਸਦਾ, ਮੁਰਸ਼ਦ ਕਾਮਿਲ ਹੋਵੇਗਾ।

ਟੇਡੇ-ਮੇਡੇ ਰਾਹਾਂ 'ਤੇ ਵੀ, ਤੁਰਨਾ ਪੈਂਦੈ ਜੀਵਨ ਵਿੱਚ,
ਕਦਮ ਕਦਮ 'ਤੇ ਠੋਕਰ ਖਾਊ, ਜੋ ਵੀ ਗ਼ਾਫ਼ਿਲ ਹੋਵੇਗਾ।

ਰਹਿਬਰ ਤਾਂ ਸਮਝਾਉਂਦੇ ਆਏ, ਬੰਦਾ 'ਬੰਦਾ' ਬਣਿਆ ਨਈਂ,
ਆਸ ਨਹੀਂ ਸੀ 'ਮਹਿਰਮ', ਬੰਦਾ ਏਨਾ ਜਾਹਿਲ ਹੋਵੇਗਾ।

## (ਤਿੰਨ)

ਬਹਿਰ- ਹਜ਼ਜ਼ ਮੁਸੱਮਨ ਸਾਲਿਮ
ਰੁਕਨ- ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ
**ISSS ISSS ISSS ISSS**

ਨਹੀਂ ਹੁੰਦੀ, ਨਹੀਂ ਹੁੰਦੀ, ਕਿ ਛੱਡ ਉਲਫ਼ਤ ਨਹੀਂ ਹੁੰਦੀ।
ਕਿਸੇ ਦੇ ਨਾਲ ਵੀ ਮੈਥੋਂ ਤਾਂ ਹੁਣ ਨਫ਼ਰਤ ਨਹੀਂ ਹੁੰਦੀ।

ਮੇਰੇ ਇਜ਼ਹਾਰ ਨੂੰ ਉਸਨੇ, ਪਤਾ ਨਈਂ ਕਿਸ ਤਰ੍ਹਾਂ ਲੈਣਾ,
ਕਦੇ ਉਸ ਨਾਲ ਖੁੱਲ੍ਹ ਕੇ ਗੱਲ ਕਰਾਂ, ਹਿੰਮਤ ਨਹੀਂ ਹੁੰਦੀ।

ਅਸੀਸਾਂ ਤੇ ਦੁਆਵਾਂ ਦੀ ਬੜੀ ਅਨਮੋਲ ਹੈ ਦੌਲਤ.
ਇਹ ਮਿਲਦੀ ਹੈ ਬਜ਼ੁਰਗਾਂ ਤੋਂ, ਇਹਦੀ ਕੀਮਤ ਨਹੀਂ ਹੁੰਦੀ।

ਉਹ ਬੰਦਾ ਕੱਲਾ-ਕਾਰ੍ਹੈ, ਪਰ ਉਸਾਰੀ ਮਹਿਲ ਜਾਂਦਾ ਏ,
ਨਿਰੀ ਬਿਲਡਿੰਗ ਹੀ ਤਾਂ ਦੁਨੀਆਂ ਦੇ ਵਿਚ ਸ਼ੁਹਰਤ ਨਹੀਂ ਹੁੰਦੀ।

ਹੈ ਮੌਸਮ ਚੋਣ ਦਾ, ਤਾਂ ਹੀ ਘਰੋ-ਘਰ ਫਿਰਦੇ ਨੇ ਲੀਡਰ,
ਜਿਨ੍ਹਾਂ ਦੇ ਕੋਲ ਗੱਲ ਤੱਕ ਸੁਣਨ ਦੀ ਫ਼ੁਰਸਤ ਨਹੀਂ ਹੁੰਦੀ।

ਜਦੋਂ ਪਾਸਾ ਪਵੇ ਉਲਟਾ, ਉਦਾਸੀ ਛਾ ਹੀ ਜਾਂਦੀ ਹੈ,
ਹਮੇਸ਼ਾ ਖੁਸ਼ ਰਹੇ ਦਿਲ, ਕਿਸਦੀ ਇਹ ਹਸਰਤ ਨਹੀਂ ਹੁੰਦੀ।

ਨਾ ਦੂਜੇ ਦਾ ਭਲਾ ਹੁੰਦੈ, ਨਾ ਰਹਿੰਦੈ ਸ਼ਾਂਤ ਮਨ ਅਪਣਾ,
ਬਹਾਨੇ ਲਾਉਣ ਦੀ ਆਦਤ, ਖ਼ਰੀ ਆਦਤ ਨਹੀਂ ਹੁੰਦੀ।

ਬਗ਼ਾਵਤ ਹੱਕ ਲਈ ਕਰੀਏ ਤਾਂ ਇਹ ਮਿਹਣਾ ਨਹੀਂ ਹੁੰਦਾ,
ਮਗਰ ਹੱਕ ਮੰਗਣਾ, ਹਰ ਇੱਕ ਦੀ ਕਿਸਮਤ ਨਹੀਂ ਹੁੰਦੀ।

ਕਦੋਂ ਆਵੇ, ਕਿਵੇਂ ਆਵੇ, ਉਹ ਆਵੇਗੀ ਬਿਨਾਂ ਦੱਸਿਆਂ,
ਕਿਸੇ ਦੀ ਮੌਤ ਦਾ ਕਾਰਨ, ਘੜੀ, ਸੂਚਿਤ ਨਹੀਂ ਹੁੰਦੀ।

ਉਨ੍ਹਾਂ ਨੇ ਹੱਥ ਮਿਲਾਏ ਨੇ, ਮਿਲਾਏ ਉੱਪਰੋਂ-ਉੱਪਰੋਂ,
ਕਿ ਮੌਕਾ-ਪ੍ਰਸਤ ਲੋਕਾਂ ਵਿੱਚ ਦਿਲੀ-ਇੱਜ਼ਤ ਨਹੀਂ ਹੁੰਦੀ।

ਜੋ ਤੁਰਦੇ ਨੇ ਭਲੇ ਖ਼ਾਤਿਰ, ਉਹ ਹੱਦਬੰਦੀ ਨਹੀਂ ਕਰਦੇ,
ਕਿਸੇ ਉਪਕਾਰ ਦੀ ਸੀਮਾ, ਕਦੇ ਸੀਮਤ ਨਹੀਂ ਹੁੰਦੀ।

ਉਹ ਕੱਲੇ-ਕੱਲੇ ਹੋ ਕੇ ਜ਼ੁਲਮ ਸਹਿੰਦੇ ਜਾਂਦੇ ਨੇ 'ਮਹਿਰਮ',
ਜੋ ਇਕ ਜੁੱਟ ਹੋ ਗਏ ਹੁੰਦੇ, ਤਾਂ ਇਹ ਹਾਲਤ ਨਹੀਂ ਹੁੰਦੀ।

•♣•

## (ਚਾਰ)

## (ਦੂਹਰਾ ਕਾਫ਼ੀਆ)

ਬਹਿਰ- ਹਜ਼ਜ਼ ਮੁਸੱਮਨ ਸਾਲਿਮ
ਰੁਕਨ- ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ
**ISSS ISSS ISSS ISSS**

ਜਿਨ੍ਹਾਂ ਨੂੰ ਝੂਠ, ਧੋਖਾ, ਬੇਇਮਾਨੀ ਰਾਸ ਰਹਿੰਦੇ ਨੇ।
ਉਹੀ ਤਾਂ ਆਮ ਲੋਕਾਂ ਵਿੱਚ ਬਣ ਬਣ ਖ਼ਾਸ ਬਹਿੰਦੇ ਨੇ।

ਬਿਗ਼ਾਨੀ ਥਾਂ 'ਤੇ ਵੀ ਅਪਣਾ ਹੀ ਘਰ ਲੱਗਦਾ ਹੈ ਕਈਆਂ ਨੂੰ,
ਕਈ ਅਪਣੇ ਘਰਾਂ ਵਿਚ ਰਹਿ ਕੇ ਵੀ ਬਣਵਾਸ ਸਹਿੰਦੇ ਨੇ।

ਜੋ ਮੇਰੇ ਪਾਸ ਰਹਿੰਦੇ ਨੇ, ਉਹ ਕੋਹਾਂ ਦੂਰ ਨੇ ਦਿਲ ਤੋਂ,
ਜੋ ਕੋਹਾਂ ਦੂਰ ਹੁੰਦੇ ਨੇ, ਉਹ ਦਿਲ ਦੇ ਪਾਸ ਰਹਿੰਦੇ ਨੇ।

ਨਾ ਭੁੱਖੇ ਵਾਸਤੇ ਰੋਟੀ, ਨਾ ਨੰਗੇ ਵਾਸਤੇ ਕੱਪੜਾ,
ਤਰੱਕੀ ਕਰ ਲਈ ਕਿਹੜੀ, ਉਹ ਜਿਸ ਨੂੰ ਖ਼ਾਸ ਕਹਿੰਦੇ ਨੇ।

ਨਹੀਂ ਕੋਈ ਹਰਜ਼ ਮੰਨਣ ਵਿੱਚ, ਜੇ ਕਿਧਰੇ ਹੋ ਗਈ ਗ਼ਲਤੀ,
ਉਹ ਮੰਜ਼ਿਲ ਪਾ ਹੀ ਲੈਂਦੇ ਨੇ, ਜੋ ਕਰ ਅਹਿਸਾਸ ਬਹਿੰਦੇ ਨੇ।

ਉਨ੍ਹਾਂ ਦੀ ਬੇਬਸੀ ਨੂੰ ਕਿਸ ਤਰ੍ਹਾਂ ਵਰਨਣ ਕਰਾਂ 'ਮਹਿਰਮ',
ਜੋ ਲਾ ਕੇ ਆਸ ਬਹਿੰਦੇ ਨੇ, ਮਗਰ ਬੇਆਸ ਰਹਿੰਦੇ ਨੇ।

•♣•

## (ਪੰਜ)

ਬਹਿਰ – ਮੁਤਦਾਰਿਕ
ਰੁਕਨ – ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁ
**SS SS SS SS SS SS SI**

ਇਸ਼ਕ ਤੇਰੇ ਦਾ ਦਿਲ ਦੇ ਬਾਗੀਂ ਖਿੜਿਆ ਜਦੋਂ ਗੁਲਾਬ।
ਨੈਣਾਂ ਦੇ ਦਰ ਆ ਬੈਠੇ ਕਈ ਸੱਜਰੇ ਮਿਠੜੇ ਖ਼ਾਬ।

ਅੱਖਾਂ ਨਾਲ ਜਦੋਂ ਅੱਖਾਂ ਟਕਰਾਈਆਂ ਪਹਿਲੀ ਵਾਰ,
ਕਸਮਾਂ-ਵਾਅਦੇ ਐਨੇ ਕੀਤੇ ਰਿਹਾ ਨਾ ਕੋਈ ਹਿਸਾਬ।

ਹੁਸਨ ਤੇਰੇ ਦੇ ਡੰਗੇ ਮੁੜ ਕੇ ਮੰਗਣ ਕਦੇ ਨਾ ਪਾਣੀ,
ਤੇਰੇ ਨੈਣ ਕਟਾਰੇ ਗੋਰੀ, ਝੱਲ ਨਾ ਹੋਵੇ ਤਾਬ।

ਹਾੜ੍ਹ ਮਹੀਨੇ ਸਿਖ਼ਰ ਦੁਪਿਹਰੇ ਜਿਉਂ ਸੂਰਜ ਨੂੰ ਤੱਕੀਏ,
ਅੱਖਾਂ ਏਦਾਂ ਚੁੰਧਆਈਆਂ ਨੇ ਤੱਕ ਕੇ ਤੇਰਾ ਸ਼ਬਾਬ।

ਤੂੰ ਹੀ ਦੱਸ ਕਿਹਨਾਂ ਲਫ਼ਜ਼ਾਂ ਵਿੱਚ ਸਿਫ਼ਤ ਕਰਾਂ ਮੈਂ ਤੇਰੀ,
ਮੈਨੂੰ ਤਾਂ ਇਸ ਗੱਲ ਦਾ ਕੋਈ ਆਉਂਦਾ ਨਹੀਂ ਜਵਾਬ।

ਮੇਰੇ ਮਨ ਦੀ ਮਨਸ਼ਾ ਦੀ ਕੀ ਪੁੱਛਦੇ ਹੋ ਦਿਲਦਾਰ,
ਮਿਲਦਾ ਸਾਥ ਰਹੇ, ਬਸ ਏਨੀ ਕਰਿਓ ਮਿਹਰ ਜਨਾਬ।

ਨਫ਼ਰਤ, ਵੈਰ, ਵਿਰੋਧ, ਦਿਖਾਵਾ, ਰਹਿ ਗਏ 'ਮਹਿਰਮ' ਬਾਕੀ,
ਦੁਨੀਆਂ ਵਿੱਚੋਂ ਉਡ ਚੁੱਕਿਆ ਹੈ ਅੱਜ ਕਲ੍ਹ ਅਦਬ-ਅਦਾਬ।

•♣•

## (ਛੇ)

ਬਹਿਰ- ਹਜ਼ਜ਼ ਮੁਸੱਮਨ ਸਾਲਿਮ
ਰੁਕਨ- ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ
**ISSS ISSS ISSS ISSS**

ਨਾ ਸਿੱਖੀ ਜਾਚ ਤੈਰਨ ਦੀ, ਉਹ ਫਿਰ ਸਾਗਰ ਕਿਵੇਂ ਤਰਦਾ।
ਕਿਸੇ ਨੇ ਡੋਬ ਦਿੱਤਾ ਹੈ, ਇਹ ਦਿਲ ਸ਼ਾਅਦੀ ਨਹੀਂ ਭਰਦਾ।

ਗਿਆ ਹੈ ਸਿਰ ਝੁਕਾ ਕੇ ਜੋ, ਉਦ੍ਹਾ ਕੁਝ ਦੋਸ਼ ਤਾਂ ਹੋਣੈ,
ਬਿਨਾਂ ਦੋਸ਼ੋਂ ਜੇ ਕੁਝ ਆਖੋ, ਤਾਂ ਗੱਲ ਬੱਚਾ ਵੀ ਨਹੀਂ ਜਰਦਾ।

ਅਗਰ ਸਿਰ ਉੱਤੇ ਛੱਤ ਹੁੰਦੀ, ਤੇ ਹੁੰਦੇ ਖਾਣ ਨੂੰ ਦਾਣੇ,
ਉਹ ਭੁੱਖ ਦੇ ਨਾਲ ਨਾ ਮਰਦਾ, ਤੇ ਨਾ ਹੀ ਠੰਡ ਵਿੱਚ ਠਰਦਾ।

ਤੇਰੇ ਤੱਕ ਲੋੜ ਹੋਵੇਗੀ, ਖ਼ਬਰ ਜੋ ਲੈ ਗਏ ਆ ਕੇ,
ਕੋਈ ਮਰ ਵੀ ਰਿਹਾ ਹੋਵੇ, ਤਾਂ ਬੰਦਾ ਕੰਨ ਨਹੀਂ ਕਰਦਾ।

ਉਹ ਗੇੜੇ ਮਾਰ ਬੈਠਾ ਏ, ਚੜ੍ਹਾਵਾ ਚਾੜ੍ਹ ਬੈਠਾ ਏ,
ਕਰੇ ਦਸਖ਼ਤ, ਨਹੀਂ ਬਣਦਾ ਅਜੇ ਵੀ ਮੂਡ ਅਫ਼ਸਰ ਦਾ।

ਫਰੋਲੇ ਗੁਪਤ ਖਾਨੇ ਹਨ, ਕੋਈ ਵੀ ਚੀਜ਼ ਨਹੀਂ ਛੇੜੀ,
ਉਨ੍ਹਾਂ ਦੇ ਨਾਲ ਬੰਦਾ ਰਲ ਗਿਆ ਹੋਣੈ, ਮੇਰੇ ਘਰ ਦਾ।

ਤੂੰ ਜਿੱਤ ਕੇ ਕੇਸ ਕਿਉਂ ਹਰਿਆ, ਨੇ ਗੱਲਾਂ ਕਰ ਰਹੇ ਲੋਕੀ,
ਗਵਾਹ ਜੇ ਨਾ ਵਿਕੇ ਹੁੰਦੇ, ਕਦੇ ਨਾ ਇਸ ਤਰ੍ਹਾਂ ਹਰਦਾ।

ਸੁਣੋ ਜੇ ਸਚ ਤਾਂ ਕੌੜਾ ਹੈ, ਕਹੋ ਜੇ ਸਚ ਤਾਂ ਫ਼ਾਂਸੀ ਹੈ,
ਇਸੇ ਲਈ ਸਚ 'ਤੇ ਹਰ ਥਾਂ 'ਤੇ, ਹੈ ਅਜ ਕਲ੍ਹ ਪੈ ਰਿਹਾ ਪਰਦਾ।

ਉਹ ਕਦ ਮਜਬੂਰ ਕਰਦੇ ਨੇ, ਤੂੰ ਕਹਿ ਇਹ ਸੱਚ ਹੈ 'ਮਹਿਰਮ',
ਤਾਂ ਝੂਠਾ ਜਿੱਤ ਹੀ ਜਾਊ, ਜੇ ਤੂੰ ਨਾ ਬੋਲਿਆ ਡਰਦਾ।

•♣•

## ਸੱਤ

ਬਹਿਰ- ਰਮਲ ਮੁਸੱਮਨ ਮਹਿਜ਼ੂਫ਼
ਰੁਕਨ- ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲੁਨ
**SISS SISS SISS SIS**

ਜ਼ਿੰਦਗੀ ਹੈ ਕਰ ਗਈ ਮੈਨੂੰ ਚੌਰਾਹੇ ਵਿਚ ਖੜਾ।
ਲੱਭਣਾ ਮੁਸ਼ਕਿਲ ਹੈ ਮੈਨੂੰ ਅਪਣੇ ਘਰ ਦਾ ਰਾਸਤਾ।

ਹੈ ਹਕੀਕਤ, ਮੇਰੀ ਮੰਜ਼ਿਲ ਮੈਥੋਂ ਮੀਲਾਂ ਦੂਰ ਹੈ,
ਲੱਗਦੈ ਦੇਖਣ ਨੂੰ ਕੇਵਲ ਦੋ ਕਦਮ ਦਾ ਫ਼ਾਸਿਲਾ।

ਮੈਂ ਵੀ ’ਕੱਲਾ, ਗ਼ਮ ਵੀ ’ਕੱਲਾ, ਮਿਲ ਗਏ ਉਸ ਮੋੜ ’ਤੇ,
ਗੁਜ਼ਰਿਆ ਜਿੱਥੋਂ ਸੀ ਖ਼ੁਸ਼ੀਆਂ ਮੇਰੀਆਂ ਦਾ ਕਾਫ਼ਿਲਾ।

ਨਿਕਲਦੇ ਹਾਂ ਰੋਜ਼ ਹੀ ਅਪਣੇ ਘਰੋਂ ਸੁਬਹ ਸਮੇਂ,
ਪਰ ਪਤਾ ਨਹੀਂ ਕਿਉਂ ਡਰਾਉਂਦਾ ਹੈ ਘਰਾਂ ਨੂੰ ਪਰਤਣਾ।

ਰਹਿੰਦੇ ਜੀਵਨ ਵਾਸਤੇ ਰਹਿੰਦਾ ਤਾਂ ਹੈ ਦਿਲ ਜੋਸ਼ ਵਿੱਚ,
ਕੌਣ ਜਾਣੇ ਟੁੱਟ ਜਾਵੇ ਸਾਹਾਂ ਦਾ ਕਦ ਸਿਲਸਿਲਾ।

ਛੱਡ ਮੈਨੂੰ, ਰਹਿਣ ਦੇ ਜਿਸ ਹਾਲ ਵਿਚ ਰਹਿੰਦਾ ਹਾਂ ਮੈਂ,
ਦਿਲ ’ਚ ਐਸਾ ਜ਼ਖ਼ਮ ਹੈ ਜਿਸ ਦੀ ਨਹੀਂ ਕੋਈ ਦਵਾ।

ਗੁੰਮ ਗਿਆ ਹੈ ਭੀੜ ਵਿੱਚ, ਜਿਸ ਦੀ ਤਲਾਸ਼ ਇਸ ਦਿਲ ਨੂੰ ਸੀ,
ਜਾਪਦੈ ਕਿਸਮਤ ’ਚ ਮੇਰੇ ਹੋਰ ਵੀ ਹੈ ਭਟਕਣਾ।

ਬਿਨ ਤੇਰੇ ‘ਮਹਿਰਮ’, ਮੇਰਾ ਦੁਨੀਆਂ’ਚ ਕੁਝ ਵੀ ਨਈਂ ਵਜੂਦ,
ਤੋੜ ਕੇ ਜਾਵੀਂ ਨਾ ਮੇਰਾ ਦਿਲ ਖ਼ੁਦਾ ਦਾ ਵਾਸਤਾ।

## (ਅੱਠ)

ਬਹਿਰ- ਹਜ਼ਜ਼ ਮੁਸੱਮਨ ਸਾਲਿਮ
ਰੁਕਨ- ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ
**ISSS ISSS ISSS ISSS**

ਬੜੀ ਸੀ ਤਾਂਘ ਮਿਲਣੇ ਦੀ, ਸੀ ਮਿਲਿਆਂ ਹੋ ਗਈ ਮੁੱਦਤ।
ਉਦ੍ਹੇ ਘਰ ਦੇਖ ਕੇ ਜਿੰਦਰਾ, ਮਰੀ ਦਿਲ ਵਿਚ ਮੇਰੀ ਹਸਰਤ।

ਉਨ੍ਹਾਂ ਦਾ ਵੱਡਿਆਂ ਲੋਕਾਂ ਦੇ ਵਿੱਚ ਹੈ ਉੱਠਣਾ ਬਹਿਣਾ,
ਦੋ ਘੜੀਆਂ ਘਰ 'ਚ ਬੈਠਣ ਦੀ, ਤਦੇ ਨਹੀਂ ਮਿਲ ਰਹੀ ਫ਼ੁਰਸਤ।

ਉਹ ਮਿੱਠਾ ਬੋਲ ਵੀ ਬੋਲੇ, ਬੜੀ ਨਰਮੀ ਵੀ ਰੱਖਦਾ ਹੈ,
ਉਹ ਸਭ ਦੀ ਜੇਬ ਟੋਂਹਦਾ ਏ, ਹੈ ਕੈਸੀ ਓਸਦੀ ਫ਼ਿਤਰਤ।

ਜਿਨ੍ਹਾਂ ਨੇ ਘਰ ਉਜਾੜੇ ਨੇ, ਉਨ੍ਹਾਂ ਨੂੰ ਪਾਉਂਦੈ ਉਹ ਜੱਫੀਆਂ,
ਜਿਨ੍ਹਾਂ ਨੇ ਘਰ ਉਸਾਰੇ ਨੇ, ਉਨ੍ਹਾਂ ਨੂੰ ਕਰਦਾ ਏ ਨਫ਼ਰਤ।

ਘਰੋ-ਘਰ ਫਿਰ ਲਿਆ ਉਸਨੇ, ਜਦੋਂ ਸੀ ਲੈਣੀਆਂ ਵੋਟਾਂ,
ਉਹ ਦਰ-ਦਰ ਫੇਰਦਾ ਏ ਹੁਣ, ਜੀ! ਇਹ ਹੈ ਵੋਟ ਦੀ ਕੀਮਤ।

ਜਿਨ੍ਹਾਂ 'ਤੇ ਕੇਸ ਚੱਲਦੇ ਸੀ ਗਬਨ ਦੇ ਜਾਂ ਘੁਟਾਲੇ ਦੇ,
ਦੁਬਾਰਾ ਚੁਣ ਕੇ ਲੋਕਾਂ ਨੇ ਵਧਾਈ ਉਹਨਾਂ ਦੀ ਸ਼ੋਹਰਤ।

ਘਰੇ ਨਾਂ ਲੈ ਲਵੋ ਰੱਬ ਦਾ, ਕੀ ਲੈਣਾ ਮੰਦਰੀਂ ਜਾ ਕੇ,
ਬਣੇ ਨੇ ਕਤਲਗਾਹ ਡੇਰੇ, ਹੈ ਲੁੱਟੀ ਜਾ ਰਹੀ ਇੱਜ਼ਤ।

ਅਹਾਤੇ ਵਿੱਚ ਜੋ ਕਲ੍ਹ ਬੈਠਾ ਸੀ ਬੰਦਾ ਘੇਰ ਕੇ 'ਸਾਮੀ,
ਕਹੇ ਅੱਜ ਮੋਰਚਾ ਲਾਈਏ ਬੜਾ ਹੀ ਕੋੜ੍ਹ ਹੈ 'ਰਿਸ਼ਵਤ'।

ਜੋ ਮਹਿਲਾਂ ਵਿੱਚ ਨੇ ਬੈਠੇ, ਨਝੀਂ ਲਾਉਂਦੇ ਪੈਰ ਧਰਤੀ 'ਤੇ,
ਉਨ੍ਹਾਂ ਤੋਂ ਆਸ ਕਿਉਂ ਰੱਖਦੈਂ ਕਰਨਗੇ ਦੂਰ ਉਹ ਗ਼ੁਰਬਤ।

ਤੁਰੋ ਬਣ ਕਾਫ਼ਿਲਾ 'ਮਹਿਰਮ' ਅਸੀਂ ਹੱਕ ਵਾਸਤੇ ਲੜਨੈ,
ਅਸੀਂ ਕੋਈ ਡਾਂਗ ਨਹੀਂ ਫੜ੍ਹਨੀਂ, ਅਸਾਡੀ ਕਲਮ ਹੈ ਤਾਕਤ।

## (ਨੌਂ)

ਬਹਿਰ- ਮੁਤਦਾਰਿਕ
ਰੁਕਨ- ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ
SS SS SS SS

ਸੁਣ ਹਾਸੇ ਦੀ ਛਣਕਾਰ ਕੁੜੇ।
ਉੱਠ ਬੈਠਾ ਕੋਈ ਬਿਮਾਰ ਕੁੜੇ।

ਆਉਂਦੀ ਹੈ ਖ਼ੁਸ਼ਬੂ ਫੁੱਲਾਂ ਦੀ,
ਜਿਉਂ ਬਾਗੀਂ ਖਿੜੀ ਬਹਾਰ ਕੁੜੇ।

ਕੰਨਾਂ ਵਿੱਚ ਹਾਸੇ ਰਸ ਘੋਲਣ,
ਜਿਉਂ ਵੱਜਦੀ ਕਿਤੇ ਸਿਤਾਰ ਕੁੜੇ।

ਕਈ ਹਾਸੇ ਕਤਲ ਕਰੀ ਜਾਂਦੇ,
ਕਈ ਕਰਦੇ ਰਹਿਣ ਸ਼ਿਕਾਰ ਕੁੜੇ।

ਕਈ ਹਾਸੇ ਸਾੜਨ ਦੂਜੇ ਨੂੰ,
ਕਈ ਕਰਦੇ ਠੰਢੇ-ਠਾਰ ਕੁੜੇ।

ਕਈ ਹਾਸੇ ਵੀ ਤੜਪਾ ਜਾਵਣ,
ਜਦ ਖੁੱਭਦੇ ਵਾਂਗ ਕਟਾਰ ਕੁੜੇ।

ਕਈ ਹਾਸੇ ਦੋਜਖ ਬਣ ਜਾਵਣ,
ਕਰ ਦੇਖੀਂ ਸੋਚ ਵਿਚਾਰ ਕੁੜੇ।

ਹੁਣ ਐਵੇਂ ਹੀ ਨਾ ਹੱਸਿਆ ਕਰ,
ਹੁਣ ਹੋ ਗਈ ਤੂੰ ਮੁਟਿਆਰ ਕੁੜੇ।

'ਮਹਿਰਮ' ਦੇ ਦਿਲ ਦੀ ਸੁਣ ਬਿਨਤੀ,
ਲੈ ਸਾਡੀ ਵੀ ਕੁਝ ਸਾਰ ਕੁੜੇ।

## (ਦਸ)

ਬਹਿਰ- ਮੁਤਦਾਰਿਕ
ਰੁਕਨ- ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ
SS SS SS SS SS SS SS

ਪਰਦੇਸੀ ਮਿੱਤਰਾ ! ਕੀ ਦੱਸਾਂ, ਕਿੰਨੇ ਨੇ ਦਿਨ ਮਾੜੇ।
ਲੁੱਟਾਂ , ਖੋਹਾਂ , ਚੋਰੀਆਂ, ਡਾਕੇ ਪੈਂਦੇ ਦਿਨੇ ਦਿਹਾੜੇ।

ਇਹ ਵਰਣਾਂ ਦੀਆਂ ਪਈਆਂ ਗੰਢਾਂ, ਸਾਥੋਂ ਖੁੱਲ ਨਾ ਸਕੀਆਂ,
ਗੋਤਾਂ , ਜਾਤਾਂ , ਧਰਮਾਂ ਨੇ ਹਨ, ਹੋਰ ਵਧਾਏ ਪਾੜੇ।

ਗੌਲਕ ਦੇ ਲਈ ਲੋਕੀ ਵੰਡੇ, ਧਰਮ ਦੇ ਠੇਕੇਦਾਰਾਂ,
ਘਰ ਘਰ ਵਿੱਚ ਅੱਗ ਮੱਚੀ, ਇਹਨਾਂ ਸੁੱਟੇ ਜੋ ਚੰਗਿਆੜੇ।

ਰਿਸ਼ਤੇਦਾਰ ’ਤੇ ਸੱਜਣ ਮਿੱਤਰ, ਧਨ ਦੇ ਬਣ ਗਏ ਲੋਭੀ,
ਅਗਵਾ , ਡਾਕੇ , ਹੱਤਿਆਵਾਂ ਨੇ, ਵੱਸਦੇ ਲੋਕ ਉਜਾੜੇ।

ਜੋਬਨ ਰੁੱਤੇ ਕੰਤ ਜਿਨ੍ਹਾਂ ਦੇ, ਚਲੇ ਗਏ ਪ੍ਰਦੇਸੀਂ,
ਪੋਹ ਦੀ ਰਾਤ ਵੀ ਦਿਲ ਉਹਨਾਂ ਦੇ, ਹਾੜ੍ਹ ਦੇ ਵਾਂਗੂੰ ਸਾੜੇ।

ਵਕਤ ਗੁਜ਼ਾਰੂ ਕਿੰਨਾਂ ਚਿਰ ਉਹ, ਰੋਂਦਾ ਤੇ ਕੁਰਲਾਉਂਦਾ,
ਜਿਸਦਾ ਸਾਥੀ ਗੂੜੀ ਨੀਂਦੇ, ਮਾਰੀ ਜਾਏ ਘੁਰਾੜੇ।

ਲੋਕਾਂ ਕੋਲੋਂ ਵੋਟਾਂ ਲੈ ਕੇ, ਨੇਤਾ ਸਾਂਭਣ ਕੁਰਸੀ,
ਲੋਕਾਂ ਨੇ ਜਦ ਵੀ ਹੱਕ ਮੰਗਿਆ, ਜੇਲ੍ਹਾਂ ਦੇ ਵਿੱਚ ਤਾੜੇ।

ਘਰ ਘਰ ਦੇ ਵਿੱਚ ਵੜਦੀ ਜਾਵੇ, ਨਿੱਤ ਨਸ਼ਿਆਂ ਦੀ ਜ਼ਹਿਮਤ,
ਰੁਲ ਰੁਲ ਮਰਦੀ ਜਾਏ ਜਵਾਨੀ, ਦੇਖੋ ਭੰਗ ਦੇ ਭਾੜੇ।

ਗੱਲਾਂ ਨਾਲ ਨਹੀਂ ਘੱਟ ਹੋਣੀ, ਨਿੱਤ ਵਧਦੀ ਮਹਿੰਗਾਈ,
ਬੇਰੁਜ਼ਗਾਰੀ, ਰਿਸ਼ਵਤਖ਼ੋਰੀ ਹੋਰ ਬਿਅੰਤ ਪੁਆੜੇ।

ਬਿਜਲੀ ਪਾਣੀ ਤੇਲ ਅਜੇ ਤਾਂ, ਪਾਉਂਦੇ ਸਾਨੂੰ ਸੋਚੀਂ,
ਕਲ੍ਹ ਸਰਕਾਰ ਪਤਾ ਨਹੀਂ ‘ਮਹਿਰਮ’, ਚੰਦ ਨਵਾਂ ਕੀ ਚਾੜ੍ਹੇ।

## (ਗਿਆਰਾਂ)

(ਹਰਫ਼-ਏ-ਰਵੀ 'ਲ਼' ਦਾ ਨਿਭਾਅ)

ਬਹਿਰ- ਰਮਲ ਮੁਸੱਮਨ ਮਹਿਜ਼ੂਫ਼
ਰੁਕਨ- ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲੁਨ
**SISS SISS SISS SIS**

ਹਰ ਨਗਰ, ਹਰ ਸ਼ਹਿਰ ਅੱਗ ਵਿੱਚ ਹਰ ਸਮੇਂ ਜਲ਼ਦੇ ਮਿਲੇ।
ਬੇਬਸੀ ਵਿੱਚ ਲੋਕ ਬੈਠੇ ਹੱਥ ਹੀ ਮਲ਼ਦੇ ਮਿਲੇ।

ਜੀ ਰਹੇ ਨੇ ਲੋਕ ਬਹੁਤੇ ਕਿਸਮਤਾਂ ਦੇ ਫੇਰ ਵਿੱਚ,
ਜਿਸ ਤਰ੍ਹਾਂ ਦਾ ਵਕਤ ਆਇਆ ਉਸ ਤਰ੍ਹਾਂ ਢਲ਼ਦੇ ਮਿਲੇ।

ਕੀ ਕਿਸੇ 'ਤੇ ਮਾਣ ਕਰਦਾ, ਗ਼ੈਰ ਸੀ ਸਭ ਭੀੜ ਵਿੱਚ,
ਸੀ ਜਿਨ੍ਹਾਂ 'ਤੇ ਆਸ ਉਹ ਹੀ ਫ਼ਰਜ਼ ਤੋਂ ਟਲ਼ਦੇ ਮਿਲੇ।

ਹਾਕਮਾਂ ਦੇ ਰੂਪ ਬਦਲੇ, ਬਦਲੀਆਂ ਨਾ ਆਦਤਾਂ,
ਇਨਕਲਾਬੀ ਸੋਚ ਨੂੰ, ਪੈਰਾਂ ਤਲੇ ਦਲ਼ਦੇ ਮਿਲੇ।

'ਮੈਂ ਤੁਹਾਡਾ ਦਾਸ ਹਾਂ', ਸਭ ਆਖਦੇ ਲੀਡਰ ਸਦਾ,
ਪੈਰ ਫੜ੍ਹ ਕੇ, ਜੋੜ ਕੇ ਹੱਥ, ਹਰ ਦਫ਼ਾ ਛਲ਼ਦੇ ਮਿਲੇ।

ਖਾ ਸਕੇ ਨਾ ਲੋਕ ਸਭ, ਰੋਟੀ ਕਦੇ ਵੀ ਪੇਟ ਭਰ,
ਪਰ ਸਟੋਰਾਂ ਵਿੱਚ ਦਾਣੇ, ਸੜਦੇ ਤੇ, ਗਲ਼ਦੇ ਮਿਲੇ।

ਤੁਰ ਪਏ ਕੁਝ ਸਿਰ-ਫਿਰੇ ਜਦ ਸੇਧ ਕੇ ਮੰਜ਼ਿਲ ਦੀ ਸੇਧ,
ਲੋਕ ਉਨ੍ਹਾਂ ਦੇ ਨਾਲ ਬਣ ਬਣ ਕਾਫ਼ਿਲੇ ਰਲ਼ਦੇ ਮਿਲੇ।

ਸਮਝਿਆ 'ਮਹਿਰਮ' ਜਦੋਂ ਮੈਂ ਰਹਿਬਰਾਂ ਦਾ ਫ਼ਲਸਫ਼ਾ,
ਜ਼ਿੰਦਗੀ ਵਿੱਚ ਰੌਸ਼ਨੀ ਦੇ ਦੀਪ ਹੀ ਬਲ਼ਦੇ ਮਿਲੇ।

•♣•

## (ਬਾਰਾਂ)

ਬਹਿਰ- ਮੁਤਦਾਰਿਕ
ਰੁਕਨ- ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ
SS SS SS SS

ਜਦ ਵੀ ਯਾਰ ਮਿਲਾਈਆਂ ਅੱਖੀਆਂ।
ਹੱਸੀਆਂ ਤੇ ਮੁਸਕਾਈਆਂ ਅੱਖੀਆਂ।

ਚਾਹਤ ਚਾਹਤ ਦੇ ਗਲ ਲੱਗੀ,
ਦਿੰਦੀਆਂ ਫਿਰਨ ਵਧਾਈਆਂ ਅੱਖੀਆਂ।

ਅੱਖੀਆਂ ਅੱਖੀਆਂ ਕਰਦੀਆਂ ਗੱਲਾਂ,
ਅੱਖੀਆਂ ਤੋਂ ਸ਼ਰਮਾਈਆਂ ਅੱਖੀਆਂ।

ਦਿਲ ਨੂੰ ਹੱਥੋਂ ਅਸੀਂ ਗੁਆਇਆ,
ਜਦ ਵੀ ਹਨ ਟਕਰਾਈਆਂ ਅੱਖੀਆਂ।

ਉਹਨਾਂ ਨਾਲ ਮਿਲਾਈਆਂ ਜਦ ਵੀ,
ਉਲਟਾ ਉਨ੍ਹਾਂ ਦਿਖਾਈਆਂ ਅੱਖੀਆਂ।

ਕਲ੍ਹ ਤੱਕ ਅੱਖੀਆਂ ਮਟਕਾਉਂਦਾ ਸੀ,
ਹੁਣ ਕਿਉਂ ਯਾਰ ਚੁਰਾਈਆਂ ਅੱਖੀਆਂ।

ਲੱਗੀ ਸੱਟ ਕਲੇਜੇ ਡਾਹਡੀ,
ਰੋਈਆਂ ਤੇ ਕੁਰਲਾਈਆਂ ਅੱਖੀਆਂ।

ਸਾਨੂੰ ਕੋਈ ਗੱਲ ਨਾ ਅਹੁੜੀ,
ਤਾਂ ਹੀ ਨੀਵੀਆਂ ਪਾਈਆਂ ਅੱਖੀਆਂ।

ਦੱਸ ਕੀ ਦੱਸਾਂ ਦੁਨੀਆਂ ਨੂੰ ਮੈਂ,
ਰੋ ਰੋ ਕਿਵੇਂ ਸੁਜਾਈਆਂ ਅੱਖੀਆਂ।

ਕੌਣ ਇਨ੍ਹਾਂ ਦਾ ਦਰਦ ਵੰਡਾਵੇ,
ਸੱਜਣਾ ਪਾਉਣ ਦੁਹਾਈਆਂ ਅੱਖੀਆਂ।

ਦਿਲ ਨੂੰ ਤਾਂ ਸਮਝਾ ਲੈਨਾਂ, ਪਰ,
ਜਾਂਦੀਆਂ ਨਾ ਸਮਝਾਈਆਂ ਅੱਖੀਆਂ।

ਸੁਣ ਕੇ ਮੇਰੀ ਦਰਦ ਕਹਾਣੀ,
ਤੇਰੀਆਂ ਕਿਉਂ ਭਰ ਆਈਆਂ ਅੱਖੀਆਂ?

ਆ ਕੇ ਆਪ ਵਰਾ ਲਉ, ਹੁਣ ਨਾ,
ਮੈਥੋਂ ਜਾਣ ਵਰਾਈਆਂ ਅੱਖੀਆਂ।

ਯਾਰ ! ਉਦ੍ਹੇ ਦੀਦਾਰ ਬਿਨਾਂ ਹਨ,
ਪਥਰਾਈਆਂ ਪਥਰਾਈਆਂ ਅੱਖੀਆਂ।

ਖ਼ਬਰੇ ਕਿਉਂ ਘੁੰਘਟ ਦੇ ਉਹਲੇ,
'ਮਹਿਰਮ' ਉਨ੍ਹਾਂ ਛੁਪਾਈਆਂ ਅੱਖੀਆਂ।

•♣•

## (ਤੇਰਾਂ)

ਬਹਿਰ- ਮੁਤਦਾਰਿਕ
ਰੁਕਨ- ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇ
SS SS SS SS SS S

ਤੇਰੇ ਬਾਰੇ ਯਾਰ ਕਿਸੇ ਨੂੰ ਕੀ ਦੱਸੀਏ?
ਤੂੰ ਹੈ ਦਿਲੋਂ ਬਿਮਾਰ, ਕਿਸੇ ਨੂੰ ਕੀ ਦੱਸੀਏ?

ਸੱਚੀ ਗੱਲ ਆਖਣ ਦੀ ਹਿੰਮਤ ਨਹੀਂ ਤੇਰੀ,
ਤੇਰਾ ਇਹ ਕਿਰਦਾਰ, ਕਿਸੇ ਨੂੰ ਕੀ ਦੱਸੀਏ?

ਨਿੱਤ ਹੀ ਬੋਲੀ ਲੱਗਦੀ ਹੈ ਮਜ਼ਦੂਰਾਂ ਦੀ,
ਚੌਂਕਾਂ ਦੇ ਵਿਚਕਾਰ, ਕਿਸੇ ਨੂੰ ਕੀ ਦੱਸੀਏ?

ਲੀਡਰ ਕਰਦੇ ਐਸ਼ ਖ਼ਜ਼ਾਨਾ ਖਾਲੀ ਹੈ,
ਦੱਸੇ ਰੋਜ਼ ਅਖ਼ਬਾਰ, ਕਿਸੇ ਨੂੰ ਕੀ ਦੱਸੀਏ?

ਦਿਨ ਸੀ ਚਾਰ ਜਵਾਨੀ ਦੇ ਕੁਝ ਕਰਨ ਲਈ,
ਖਾ ਗਈ ਸੋਚ ਵਿਚਾਰ, ਕਿਸੇ ਨੂੰ ਕੀ ਦੱਸੀਏ?

ਡੱਕੇ ਡੋਲੇ ਖਾਏ ਜਵਾਨੀ ਮਸਤੀ ਵਿਚ,
ਨਸ਼ਿਆਂ ਦੀ ਭਰਮਾਰ, ਕਿਸੇ ਨੂੰ ਕੀ ਦੱਸੀਏ?

ਜਿੰਦਾ ਲਾਸ਼ਾਂ ਬਣ ਕੇ ਦਿਨ ਕੱਟ ਲੈਂਦੇ ਕਈ,
ਕੋਈ ਜਿੱਤ ਨਾ ਹਾਰ, ਕਿਸੇ ਨੂੰ ਕੀ ਦੱਸੀਏ?

ਚਾਰੇ ਪਾਸੇ ਲੁੱਟ ਖੋਹ ਮਚ ਗਈ ਜੀਵਨ ਦੀ,
ਮਚ ਗਈ ਹਾਹਾਕਾਰ, ਕਿਸੇ ਨੂੰ ਕੀ ਦੱਸੀਏ?

ਲਚਰ ਗੀਤ ਗਾ ਗਾ ਕੇ ਨੱਚਣ ਨੰਗੇ ਤਨ,
ਕੀ ਹੈ ਸੱਭਿਆਚਾਰ, ਕਿਸੇ ਨੂੰ ਕੀ ਦੱਸੀਏ?

ਜਾਨ ਮਾਲ ਦਾ ਖ਼ਤਰਾ ਹੋਰ ਵੀ ਵਧਿਆ ਹੈ,
ਚੋਰ ਨੇ ਪਹਿਰੇਦਾਰ, ਕਿਸੇ ਨੂੰ ਕੀ ਦੱਸੀਏ?

ਰੈਲੀਆਂ ਰੋਸ ਮੁਜਾਹਰੇ ਹੁੰਦੇ ਹਰ ਪਾਸੇ,
ਸੁਣਦੈ ਕੌਣ ਪੁਕਾਰ, ਕਿਸੇ ਨੂੰ ਕੀ ਦੱਸੀਏ?

ਹੱਸਣ 'ਤੇ ਵੀ ਲੱਗੂ ਪਾਬੰਦੀ 'ਮਹਿਰਮ',
ਕਰਦੀ ਕੀ ਸਰਕਾਰ, ਕਿਸੇ ਨੂੰ ਕੀ ਦੱਸੀਏ?

## (ਚੌਦਾਂ)

ਬਹਿਰ- ਮੁਤਦਾਰਿਕ
ਰੁਕਨ- ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ
SS SS SS SS SS SS SS

ਵਗਦੀਆਂ ਦੇਖ ਕੇ ਪਿੰਡੀਂ ਸ਼ਹਿਰੀਂ ਤੱਤੀਆਂ ਤੇਜ਼ ਹਵਾਵਾਂ ।
ਅਪਣੇ ਆਪ ਤੋਂ ਪੁੱਛਦੈ ਬੰਦਾ, ਕਿੱਧਰ ਨੂੰ ਤੁਰ ਜਾਵਾਂ ।

ਬਾਹਰੋਂ ਡਰ ਕੇ ਘਰ ਨੂੰ ਆਊ, ਘਰ ਤੋਂ ਜਾਊ ਕਿੱਥੇ,
ਜਿਸ ਨੂੰ ਸਦਾ ਡਰਾਉਂਦਾ ਰਹਿੰਦਾ ਆਪਣਾ ਹੀ ਪਰਛਾਵਾਂ ।

ਹੱਤਿਆਵਾਂ, ਖ਼ੁਦਕਸ਼ੀਆਂ, ਡਾਕੇ, ਚੋਰੀਆਂ, ਬੰਬ - ਧਮਾਕੇ,
ਕਿਧਰੋਂ ਆ ਕੇ ਚਿੰਬੜ ਗਈਆਂ ਸਾਨੂੰ ਕਈ ਬਲਾਵਾਂ।

ਬੇਰੁਜ਼ਗਾਰੀ , ਚੋਰ - ਬਜ਼ਾਰੀ , ਰਿਸ਼ਵਤਖੋਰੀ ਵਧ ਗਈ,
ਸਰਕਾਰਾਂ ਦੇ ਜਲਵੇ ਨੇ , ਕੀ ਸਿਫ਼ਤਾਂ ਹੋਰ ਸੁਣਾਵਾਂ।

ਪੋਸਤ, ਭੁੱਕੀ, 'ਫੀਮ , ਸ਼ਰਾਬਾਂ ਨਿਕ ਸੁਕ ਵੋਟਾਂ ਵੇਲੇ,
ਲੋਕਾਂ ਦੇ ਘਰ ਜਾ ਜਾ ਵੰਡਿਆ ਹੱਥੀਂ ਖ਼ੁਦ ਨੇਤਾਵਾਂ।

ਘਰ ਦਾ ਵਿਹੜਾ , ਸੜਕਾਂ, ਰਸਤੇ, ਰੁੱਖਾਂ ਬਿਨ ਸੱਖਣੇ ਨੇ,
ਲੋੜ ਪਈ ਜੇ ਲੱਭਣ ਤੁਰੀਏ ਦਿਸਦਾ ਟਾਵਾਂ ਟਾਵਾਂ।

ਵੀਰਾਂ ਦੀ ਬਾਂਹ ਹੁੰਦੇ ਵੀਰੇ, ਇਹ ਗੱਲ ਦਿਲ ਨਹੀਂ ਮੰਨਦਾ,
ਦੌਲਤ ਖ਼ਾਤਿਰ ਮਾਰ ਦਿੱਤਾ ਹੈ ਕਲ੍ਹ ਇੱਕ ਵੀਰ ਭਰਾਵਾਂ।

ਸ਼ੇਰਾਂ ਵਰਗੇ ਪੁੱਤਰਾਂ ਨੂੰ ਜਦ ਘੁਣ ਨਸ਼ਿਆਂ ਦਾ ਲੱਗਾ,
ਢਿੱਡ 'ਚ ਮੁੱਕੀਆਂ ਮਾਰਨ, ਵਿਲਕਣ, ਤੜਫਣ, ਝੂਰਨ ਮਾਵਾਂ।

ਮਾਰ ਦਿੱਤੀ ਹੈ ਜਨਮ ਤੋਂ ਪਹਿਲਾਂ ਕੁੱਖ ਵਿੱਚ ਧੀ ਅੱਜ ਜਿਸਨੇ,
ਪੁੱਤਰ ਲਈ ਕੱਲ੍ਹ ਪੁੱਛਣਾ ਉਸ ਨੇ ਕੁੜੀਆਂ ਦਾ ਸਿਰਨਾਵਾਂ।

ਕੁੱਲੀ, ਗੁੱਲੀ, ਜੁੱਲੀ ਦਾ ਸਰਕਾਰ ਕਰੇ ਹੱਲ , ਨਹੀਂ ਫਿਰ,
ਆਉਂਦੇ ਵਕਤ ਨੇ ਘੱਟ ਨਹੀਂ ਕਰਨੀ, ਦੇਣੀਆਂ ਸਖ਼ਤ ਸਜ਼ਾਵਾਂ।

ਬੂਟੇ ਲਾਵੋ ਹਰ ਥਾਂ 'ਮਹਿਰਮ', ਤਾਂ ਹੀ ਮਾਣ ਸਕਾਂਗੇ,
ਫਲ, ਫੁੱਲ, ਮਹਿਕਾਂ, ਪਿੱਪਲੀਂ-ਪੀਘਾਂ, ਤੇ ਤੂਤਾਂ ਦੀਆਂ ਛਾਵਾਂ।

## (ਪੰਦਰਾਂ)

ਬਹਿਰ- ਮੁਤਦਾਰਿਕ
ਰੁਕਨ- ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇ
SS SS SS SS SS SS S

ਜਦ ਤਕ ਦਿਲ ਵਿਚ ਧੜਕਨ ਦਾ ਇਕਤਾਰਾ ਵੱਜਦਾ ਹੈ।
ਰੱਬ ਦਾ ਬੰਦਾ ਹਰ ਪਲ 'ਮੇਰਾ ਮੇਰਾ' ਜਪਦਾ ਹੈ।

ਜਿਸ ਦੇ ਦਿਲ ਵਿਚ ਬਿਰਹਾ ਦਾ ਕੋਈ ਦੀਵਾ ਜਗਦਾ ਹੈ।
ਉਸ ਨੂੰ ਸਭ ਦਾ ਹਰ ਗ਼ਮ ਅਪਨਾ ਅਪਨਾ ਲਗਦਾ ਹੈ।

ਬੇਗ਼ਾਨੇ 'ਤੇ ਵੈਸੇ ਤਾਂ ਕੋਈ ਮਾਣ ਨਹੀਂ ਹੁੰਦਾ,
ਜੋ ਹਮਦਰਦ ਬਣੇ ਉਹ ਚੰਗਾ ਚੰਗਾ ਲਗਦਾ ਹੈ।

ਅਣਜਾਣੇ ਵਿਚ ਠੋਕਰ ਲਗ ਜਾਂਦੀ ਏ ਹਰ ਇਕ ਨੂੰ,
ਸੰਭਲ ਸੰਭਲ ਬੇਸ਼ਕ ਉਹ ਪਬ ਚੁੱਕਦਾ ਰਖਦਾ ਹੈ।

ਖਿੜ ਖਿੜ ਹੱਸੇ, ਕੁਝ ਨਾ ਦੱਸੇ, ਤੂੰ ਕੀ ਜਾਣੇਗਾ,
ਉਸਦੇ ਅੰਦਰ ਕੀ ਕੀ ਧੁਖਦਾ ਸੜਦਾ ਬਲਦਾ ਹੈ।

ਭੀੜ ਬੜੀ ਏ 'ਕੱਠੀ, ਰਿਸ਼ਤੇ ਨਾਤੇ ਮਤਲਬ ਦੇ ,
ਇਹ ਤਾਂ ਰੋਣਾ ਪਿਟਣਾ ਤੇਰਾ ਮੇਰਾ ਸਭਦਾ ਹੈ।

ਅਪਣੇ ਘਰ ਵਿਚ ਜਿਸ ਦੀ ਕੋਈ ਪੁਛ ਪਰਤੀਤ ਨਹੀਂ,
ਯਾਰਾਂ ਦੀ ਮਹਿਫ਼ਿਲ ਵਿਚ ਦਾਨਾ - ਬੀਨਾ ਬਨਦਾ ਹੈ।

ਹੁਣ ਤਾਂ ਗਰੀਬਾਂ ਉੱਤੇ, ਉੱਤੇ ਵਾਲਾ ਮਿਹਰ ਕਰੇ,
ਥੱਲੇ ਵਾਲਾ ਹਾਕਮ ਨਾ ਕੋਈ ਚੱਜ ਦਾ ਲਭਦਾ ਹੈ।

ਸਾਰੀ ਗਲ ਤਾਂ ਮੁੱਕਣੀ 'ਮਹਿਰਮ' ਆਖ਼ਿਰ ਅਮਲਾਂ 'ਤੇ,
ਬਾਬੇ ਦੀ ਬਾਣੀ ਦਾ ਬੇਸ਼ੱਕ ਦਰਿਆ ਵਗਦਾ ਹੈ।

## (ਸੋਲਾਂ)

ਬਹਿਰ - ਮੁਤਦਾਰਿਕ
ਰੁਕਨ - ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲ
**SS SS SS SI**

ਅਪਣੇ ਆਸੇ ਪਾਸੇ ਦੇਖ।
ਫਿਰਦੇ ਲੋਕ ਉਦਾਸੇ ਦੇਖ।

ਜਿੱਤਣ ਵਾਲੀ ਛੱਡ ਦੇ ਗੱਲ,
ਉਲਟੇ ਪੈਂਦੇ ਪਾਸੇ ਦੇਖ।

ਮਹਿਲਾਂ ਵਿੱਚ ਵੀ ਬੈਠੇ ਲੋਕ,
ਹਾਰੇ ਦੇਖ, ਨਿਰਾਸੇ ਦੇਖ।

ਪਪੜੀ-ਜੰਮੇ-ਬੁੱਲ੍ਹਾਂ ਕੋਲ,
ਚਮਕਣ ਦੰਦ ਦੰਦਾਸੇ ਦੇਖ।

ਨੇਤਾ ਮੰਗਣ ਆਏ ਵੋਟ,
ਹੱਥਾਂ ਵਿਚ ਨੇ ਕਾਸੇ ਦੇਖ।

ਰੱਜੇ ਦੀ ਕੀ ਕਰਨੀ ਗੱਲ,
ਭੁੱਖੇ ਦੇਖ, ਪਿਆਸੇ ਦੇਖ।

ਵੰਡਣ ਵੇਲੇ ਕੁਝ ਨਾ ਸੋਚ,
ਫਿਰ ਨਾ ਤੋਲੇ ਮਾਸੇ ਦੇਖ।

ਜੀਣਾ ਜਿਸ ਨੂੰ ਆਖਣ ਲੋਕ,
ਰੋਣੇ ਪਿੱਟਣੇ ਹਾਸੇ ਦੇਖ।

'ਮਹਿਰਮ' ਤੁਰਿਆ ਮਕਤਲ ਵੱਲ,
ਕਾਤਿਲ ਦੇਣ ਦਿਲਾਸੇ ਦੇਖ।

## (ਸਤਾਰਾਂ)

ਬਹਿਰ- ਰਮਲ ਮੁਸੱਮਨ ਮਹਿਜ਼ੂਫ਼
ਰੁਕਨ- ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ ਫ਼ੇ
**SISS SISS SISS S**

ਜ਼ਿੰਦਗੀ ਵਿੱਚ ਜੇ ਕਦੇ ਨਾ ਹਾਦਸੇ ਹੁੰਦੇ ।
ਰਿਸ਼ਤਿਆਂ ਵਿੱਚ ਇਸ ਤਰ੍ਹਾਂ ਨਾ ਫ਼ਾਸਲੇ ਹੁੰਦੇ ।

ਦੁਸ਼ਮਣੀ ਵਿੱਚ ਦੁਸ਼ਮਣਾਂ ਦਾ ਇਲਮ ਹੁੰਦਾ ਹੈ,
ਦੋਸਤਾਂ ਦੇ ਵਾਰ ਨੇ ਢੱਕੇ - ਛੁਪੇ ਹੁੰਦੇ।

ਸ਼ੀਸ਼ਿਆਂ ਦੇ ਘਰ ਬਣਾ ਕੇ, ਲੋਕਾਂ ਨੇ ਅਕਸਰ,
ਘਰ 'ਚ ਹੀ ਪੱਥਰ ਸਜਾ ਕੇ ਨੇ ਧਰੇ ਹੁੰਦੇ।

ਜੀ ਹਜ਼ੂਰੀ ਸਿੱਖਦਾ, ਕਰਦਾ ਕਦੇ ਚੁਗਲੀ,
ਜ਼ਿੰਦਗੀ ਭਰ ਫਿਰ ਬੜੇ ਤੇਰੇ ਮਜ਼ੇ ਹੁੰਦੇ।

ਜਦ ਕਦੇ ਇਲਜ਼ਾਮ ਲੱਗਾ, ਵਕਤ ਮੰਦਾ ਸੀ,
ਆਦਮੀ ਤਾਂ ਹਰ ਜਗ੍ਹਾ ਚੰਗੇ-ਭਲੇ ਹੁੰਦੇ।

ਨਾ ਜਰੇ ਘਰ ਵਿੱਚ ਜੋ ਮਹਿਮਾਨ ਦੀ ਆਮਦ,
ਮਹਿਫ਼ਿਲਾਂ ਵਿੱਚ ਓਸਦੇ ਨਖ਼ਰੇ ਬੜੇ ਹੁੰਦੇ।

ਅਰਥ ਪੁੱਛੋ ਸਰ-ਫ਼ਰੋਸ਼ੀ ਦਾ ਤਾਂ ਕਹਿੰਦੇ ਹਨ,
ਇਹਨਾਂ ਲੋਕਾਂ ਦੇ ਨੇ ਅਕਸਰ ਸਿਰ-ਫਿਰੇ ਹੁੰਦੇ।

ਅੱਗ ਲੱਗੀ 'ਤੇ ਕੋਈ ਹੀ ਪਾਉਂਦਾ ਹੈ ਪਾਣੀ,
ਸ਼ੁਗਲ ਦੇਖਣ ਵਾਲੇ ਨੇ ਕਿੰਨੇ ਖੜੇ ਹੁੰਦੇ।

ਤੂੰ ਕਿਵੇਂ ਪਰਵਾਜ਼ ਭਰਦਾ ਪੰਛੀਆ ਏਦਾਂ,
ਜ਼ਾਲਿਮਾਂ ਨੇ ਜੇ ਤਿਰੇ ਵੀ ਪਰ - ਕਟੇ ਹੁੰਦੇ।

ਦਿਲ਼ ਕਰੇਂ ਜੇ ਸਾਫ਼ ਤਾਂ ਗੱਲ ਖੁੱਲ੍ਹ ਕੇ ਹੋਵੇਗੀ,
ਬੰਦਸ਼ਾਂ ਵਿੱਚ ਦੂਰ ਨਹੀਂ ਗੁੱਸੇ ਗਿਲੇ ਹੁੰਦੇ।

ਨਾ ਦਿਸੇਂ ਤਾਂ ਫਿਰ ਬੜਾ ਬੇਚੈਨ ਰਹਿੰਦਾ ਦਿਲ,
ਮਿਲਣ ਤੇ ਵੀ ਜ਼ਖ਼ਮ ਦਿਲ ਦੇ ਹੀ ਹਰੇ ਹੁੰਦੇ।

ਤੜਪਣਾ, ਵੈਰਾਗ, ਵਾਅਦੇ, ਭਟਕਣਾ , 'ਮਹਿਰਮ',
ਇਸ਼ਕ ਵਿੱਚ ਨੇ ਇਸ ਤਰ੍ਹਾਂ ਦੇ ਸਿਲਸਿਲੇ ਹੁੰਦੇ।

•♣•

## (ਅਠਾਰਾਂ)

ਬਹਿਰ- ਰਮਲ ਮੁਸੱਮਨ ਸਾਲਿਮ
ਰੁਕਨ- ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ

**SISS SISS SISS SISS**

ਦੋਸਤਾ ਹਰ ਖ਼ਾਸ ਰਿਸ਼ਤਾ ਬੇਵਫ਼ਾ ਕਿਉਂ ਹੋ ਰਿਹਾ ਹੈ?
ਬੰਦਿਆਂ ਦੀ ਭੀੜ, ਬੰਦਾ ਲਾਪਤਾ ਕਿਉਂ ਹੋ ਰਿਹਾ ਹੈ?

ਚੁਣ ਰਹੇ ਨੇ ਲੋਕ ਤੈਨੂੰ, ਆਸ ਲੈ ਕੇ, ਫਿਰਨਗੇ ਦਿਨ,
ਦੱਸ ਉਨ੍ਹਾਂ ਦੇ ਨਾਲ ਧੋਖਾ ਹਰ ਦਫ਼ਾ ਕਿਉਂ ਹੋ ਰਿਹਾ ਹੈ?

ਜਾਣਦੈ ਜੋ ਦਿਲ ਲਗਾ ਕੇ, ਗ਼ਮ ਸਦਾ ਹੀ ਪੈਣ ਝੋਲੀ,
ਫੇਰ ਵੀ ਦਿਲ ਲਾ ਲਿਆ ਤਾਂ, ਹੁਣ ਖ਼ਫ਼ਾ ਕਿਉਂ ਹੋ ਰਿਹਾ ਹੈ?

ਸੀ ਜਿਨ੍ਹਾਂ ਦੇ ਨਾਲ ਰੌਣਕ, ਮਹਿਫ਼ਿਲਾਂ ਦੀ ਜਾਨ ਸੀ ਜੋ,
ਹੁਣ ਕਦੇ ਨਾ ਬਹਿਣ 'ਕੱਠੇ, ਫ਼ਾਸਲਾ ਕਿਉਂ ਹੋ ਰਿਹਾ ਹੈ?

ਲੋਭ ਲਛਮੀ ਦੇ ਨੇ ਕੀਤੀ ਹੈ ਮਨਾਂ ਦੀ ਸੋਚ ਸੌੜੀ,
'ਲਛਮੀਆਂ' ਦਾ ਕਤਲ ਵੀ, ਏਸੇ ਹੀ ਕਰਕੇ ਹੋ ਰਿਹਾ ਹੈ?

ਕਿਸ ਤਰ੍ਹਾਂ ਕੁਝ ਲੋਕ ਜਲ਼ ਕੇ, ਜ਼ਹਿਰ ਖਾ ਕੇ ਜਾਨ ਦੇਵਣ,
ਜ਼ਿੰਦਗੀ ਦੇ ਨਾਲ ਐਸਾ, ਹਾਦਸਾ ਕਿਉਂ ਹੋ ਰਿਹਾ ਹੈ?

ਕੀ ਪਤਾ ਹੈ, ਕਦ ਉਹ ਲਾਹਾ ਲੈਣ ਤੇਰੀ ਬੇਬਸੀ ਦਾ,
ਬਿਨ ਗ਼ਰਜ਼ ਦੇ ਸੋਚ, ਪੈਦਾ ਰਾਬਤਾ ਕਿਉਂ ਹੋ ਰਿਹਾ ਹੈ?

ਐ ਜਵਾਨਾ! ਖਾ ਖੁਰਾਕਾਂ, ਖੇਡ ਖੇਡਾਂ, ਮਾਰ ਮੱਲਾਂ,
ਘਰ ਉਜਾੜੇ, ਜਾਨ ਖਾਵੇ, ਉਹ ਨਸ਼ਾ ਕਿਉਂ ਹੋ ਰਿਹਾ ਹੈ?

ਨਾਮ ਸਭਿਆਚਾਰ ਦੇ 'ਤੇ ਸਭਿਅਤਾ ਨੂੰ ਡੋਬਦਾ ਏ,
'ਮਹਿਰਮਾ' ਇਨਸਾਨ ਏਨਾ ਬੇਹਯਾ ਕਿਉਂ ਹੋ ਰਿਹਾ ਹੈ?

## (ਉੱਨੀ)

ਬਹਿਰ- ਰਜ਼ਜ਼ ਮੁਸੱਮਨ ਸਾਲਿਮ
ਰੁਕਨ - ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ
**SSIS SSIS SSIS SSIS**

ਕੀ ਹੈ ਉਨ੍ਹਾਂ ਦਾ ਹਾਲ, ਜਦ ਤਕ ਇਹ ਪਤਾ ਮਿਲਦਾ ਨਹੀਂ।
ਮੈਂ ਵੀ ਰਹਾਂ ਬੇਚੈਨ, ਦਿਲ ਨੂੰ ਵੀ ਟਿਕਾ ਮਿਲਦਾ ਨਹੀਂ।

ਤੂੰ ਤੁਰ ਪਿਆਂ ਅਣਜਾਣ ਮੰਜ਼ਿਲ ਵੱਲ ਦਿਲਾ ਕੀ ਸੋਚ ਕੇ,
ਇਹ ਹੈ ਸਫ਼ਰ ਐਸਾ ਕਿ ਜਿਸਦਾ ਥਹੁ-ਪਤਾ ਮਿਲਦਾ ਨਹੀਂ।

ਤੈਨੂੰ ਬੜਾ ਹੈ ਮਾਣ, ਸਾਗਰ ਨੂੰ ਕਰੇਂਗਾ ਪਾਰ ਤੂੰ,
ਰੁਕ ਜਾ ਅਜੇ ਨਾ ਜਾਹ, ਜਦੋਂ ਤੱਕ ਨਾਖ਼ੁਦਾ ਮਿਲਦਾ ਨਹੀਂ।

ਉਹ ਕਰ ਗਿਆ ਇਜ਼ਹਾਰ ਅਪਨੀ ਬੇਬਸੀ ਦਾ ਸਾਫ ਸਾਫ,
ਮੈਂ ਕਰ ਲਵਾਂ ਮਨਜ਼ੂਰ ਏਨਾ ਹੌਸਲਾ ਮਿਲਦਾ ਨਹੀਂ।

ਬਸ ਇੱਕ ਉਦ੍ਹੀ ਤਸਵੀਰ ਅੱਖਾਂ ਸਾਹਵੇਂ ਫਿਰਦੀ ਹੈ ਸਦਾ,
ਦਿਲ ਤੜਫਦਾ ਉਸ ਲਈ ਜਿਦ੍ਹਾ ਮੂੰਹ ਦੇਖਣਾ ਮਿਲਦਾ ਨਹੀਂ।

ਉਸਦਾ ਕਰਮ ਜਦ ਹੋ ਗਿਆ ਤਾਂ ਮਿਲ ਗਿਆ ਸਾਰਾ ਜਹਾਂ,
ਜਦ ਉਹ ਖ਼ਫ਼ਾ ਹੋਵੇ, ਕਿਤੋਂ ਵੀ ਆਸਰਾ ਮਿਲਦਾ ਨਹੀਂ।

ਤੈਨੂੰ ਕਰਾਂ ਮੈਂ ਯਾਦ ਹਰ ਥਾਂ, ਘਰ ਤੇਰੇ ਆਵਾਂ ਮੈਂ ਕੀ?
ਉਸ ਘਰ ਮਿਲੇ ਪਰਚਾਰ ਹੀ, ਤੂੰ ਮਾਲਕਾ ਮਿਲਦਾ ਨਹੀਂ।

ਚਲਦਾ ਨਹੀਂ ਇਸ ਖੇਲ੍ਹ ਵਿੱਚ ਕੋਈ ਜ਼ੋਰ ਤਰਲਾ 'ਮਹਿਰਮਾ',
ਬਿਨ ਕਿਸਮਤਾਂ ਦੇ ਮੀਤ ਦਿਲ ਦਾ ਕਮਲਿਆ ਮਿਲਦਾ ਨਹੀਂ।

## (ਵੀਹ)

ਬਹਿਰ- ਮੁਤਦਾਰਿਕ
ਰੁਕਨ- ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁ
**SS SS SS SI**

ਯਾਰਾ ਮਸਜਿਦ ਮੰਦਰ ਦੇਖ।
ਰੱਬ ਖ਼ੁਦਾ ਕਿਸ ਅੰਦਰ ਦੇਖ।

ਸਭ ਕੁਝ ਕਾਜ਼ੀ, ਪੰਡਤ ਹੱਥ,
ਕੈਦੀ ਪੀਰ ਪਗੰਬਰ ਦੇਖ।

ਬੋਲ ਰਿਹਾ ਜੋ ਸੁੱਚੇ ਬੋਲ,
ਮੈਲ ਪੁਜਾਰੀ ਅੰਦਰ ਦੇਖ।

ਹਿੰਦੂ ਮੁਸਲਿਮ ਬਣਕੇ ਸਿੱਖ,
ਰਚਦੇ ਲੋਕ ਅਡੰਬਰ ਦੇਖ।

ਮਿਹਨਤਕਸ਼ ਨੇ ਭੁੱਖੇ - ਪੇਟ,
ਵਿਹਲੜ ਛਕਦਾ ਲੰਗਰ ਦੇਖ।

ਲਹਿਰਾਂ ਦਾ ਕੀ ਹੁੰਦਾ ਸ਼ੋਰ,
ਦਰਿਆ ਦੇਖ, ਸਮੰਦਰ ਦੇਖ।

ਲਗਦੈ ਮੌਸਮ ਬਹੁਤ ਹਸੀਨ,
ਮਾਰਚ ਦੇਖ, ਸਤੰਬਰ ਦੇਖ।

ਨੀਵਾਂ ਰਹਿ ਪਰ ਉੱਚਾ ਸੋਚ,
ਪੰਛੀ ਉੜਦੇ , ਅੰਬਰ ਦੇਖ।

'ਮਹਿਰਮ' ਦੇਵੇ ਜੀਵਨ ਜਾਚ,
ਐਸਾ ਕੋਈ ਪੈਗੰਬਰ ਦੇਖ।

## (ਇੱਕੀ)

ਬਹਿਰ- ਰਮਲ ਮੁਸੱਮਨ ਮਹਿਜ਼ੂਫ਼
ਰੁਕਨ- ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲੁਨ
**SISS SISS SISS SIS**

ਕੀ ਵਜਹ ਹਰ ਤਰਫ਼ ਮਚਦੀ, ਰੋਜ਼ ਹਾਹਾਕਾਰ ਹੈ?
ਕਿਸ ਤਰ੍ਹਾਂ ਦਾ ਰਾਜ ਤੇਰਾ, ਕੀ ਤੇਰੀ ਸਰਕਾਰ ਹੈ?

ਕੀ ਹੈ ਇਸ ਵਿੱਚ ਰਾਜ਼, ਸਭ ਕੁਛ ਕਿਉਂ ਅਮੀਰਾਂ ਵਾਸਤੇ?
ਤੂੰ ਉਨ੍ਹਾਂ ਤੋਂ ਪੁੱਛ ਜਿਨ੍ਹਾਂ ਦੇ ਕੋਲ ਕੋਠੀ ਕਾਰ ਹੈ।

ਚੁਣ ਲਿਆ ਲੋਕਾਂ ਨੇ ਅੱਖਾਂ ਮੀਟ ਕੇ ਜੋ ਰਹਿਨੁਮਾ,
ਦੇ ਰਹੀ ਉਸ ਜ਼ੁਰਮ ਦੀ ਸਭ ਨੂੰ ਸਜ਼ਾ ਸਰਕਾਰ ਹੈ।

ਡਿਗਰੀਆਂ ਨੂੰ ਮਾਰ ਕੱਛੇ, ਰੁਲਦੇ ਨੇ ਜੋ ਦਰ-ਬ-ਦਰ,
ਕਾਮਿਆਂ ਦੀ ਭੀੜ ਬੈਠੀ ਚੌਂਕ ਵਿੱਚ ਬੇਕਾਰ ਹੈ।

ਦਿਨ ਢਲੇ ਬਦਨਾਮ ਲੋਕਾਂ ਦਾ ਬਣੇ ਮਹਿਮਾਨ ਜੋ,
ਦਿਨ ਚੜ੍ਹੇ ਤੇ ਜੋੜ ਕੇ ਹੱਥ, ਭਾਲਦਾ ਸਤਿਕਾਰ ਹੈ।

ਛੱਡ ਦਿਲਾ ਮਤ ਰੋਕ ਉਸ ਨੂੰ, ਜਾ ਰਿਹਾ ਜੋ ਜਾਣ ਦੇ,
ਪੈਸੇ ਦੀ ਭੱਜ-ਦੌੜ ਦੇ ਵਿੱਚ ਸੁਣਦਾ ਕੌਣ ਪੁਕਾਰ ਹੈ।

ਹਰ ਗਲੀ ਦੇ ਮੋੜ 'ਤੇ ਹੁਣ ਖੁੱਲ੍ਹ ਗਿਆ ਹੈ ਮੈਅਕਦਾ,
ਦੋਸਤਾ ਸਰਕਾਰ ਸਾਡੀ ਦਾ ਬੜਾ ਉਪਕਾਰ ਹੈ।

ਤੂੰ ਕਿਸੇ ਨੂੰ ਅਕਲ ਨਾ ਦੇ, ਤੂੰ ਕਿਸੇ ਨੂੰ ਟੋਕ ਨਾ,
ਹਰ ਬਸ਼ਰ ਹੀ ਸਮਝਦਾ ਖ਼ੁਦ ਨੂੰ ਬੜਾ ਫ਼ਨਕਾਰ ਹੈ।

'ਮਹਿਰਮਾ' ਕਰ ਹੋਸ਼, ਨਾ ਕਰ ਦੌਲਤਾਂ ਦਾ ਮਾਣ ਤੂੰ,
ਉਹ ਸਮੇਂ ਨੇ ਮਾਰਿਆ ਕੀਤਾ ਜਿਨ੍ਹੇ ਹੰਕਾਰ ਹੈ।

## (ਬਾਈ)

ਬਹਿਰ- ਰਜ਼ਜ਼ ਮੁਸੱਮਨ ਸਾਲਿਮ
ਰੁਕਨ- ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ
**SSIS SSIS SSIS SSIS**

ਦੋ ਰੰਗ ਦੀ ਹੈ ਜ਼ਿੰਦਗੀ, ਰੰਗੀਨ ਵੀ ਵੀਰਾਨ ਵੀ।
ਹੈ ਜੀਅ ਰਿਹਾ ਹਰ ਰੰਗ ਵਿੱਚ, ਕੀ ਚੀਜ਼ ਹੈ ਇਨਸਾਨ ਵੀ।

ਸੱਚ ਝੂਠ ਹੈ ਇਹ ਜ਼ਿੰਦਗੀ, ਇਹ ਫੁੱਲ ਵੀ - ਕੰਡਾ ਵੀ ਹੈ,
ਉਲਫ਼ਤ ਵੀ ਹੈ, ਨਫ਼ਰਤ ਵੀ ਹੈ, ਈਮਾਨ, ਬੇਈਮਾਨ ਵੀ।

ਹਰ ਸ਼ਖ਼ਸ ਹੀ ਹੁੰਦਾ ਨਹੀਂ ਨਫ਼ਰਤ ਦਾ ਪਾਤਰ ਦੋਸਤੋ,
ਕੀਤੇ ਨੇ ਪੈਦਾ ਰੱਬ ਨੇ ਇਨਸਾਨ ਵੀ ਸ਼ੈਤਾਨ ਵੀ।

ਹੁੰਦੇ ਕਰੀਬ ਨੇ ਉਹ ਮੇਰੇ, ਫਿਰ ਦੂਰ ਹੋ ਜਾਵਣ ਕਦੇ,
ਇੱਕ ਪਲ 'ਚ ਹੁੰਦੇ ਨੇ ਖ਼ਫ਼ਾ ਇੱਕ ਪਲ 'ਚ ਮੇਹਰਬਾਨ ਵੀ।

ਘਰ ਵਿੱਚ ਇਕੱਲੇ ਸ਼ਖ਼ਸ ਨੂੰ, ਆਉਣਾ ਮਜ਼ਾ ਕੀ ਜਸ਼ਨ ਦਾ,
ਜੋ ਮੇਜ਼ਬਾਨ ਵੀ ਖ਼ੁਦ ਬਣੇ, ਖ਼ੁਦ ਹੀ ਬਣੇ ਮਹਿਮਾਨ ਵੀ।

ਬੀਤੇ ਸਮੇਂ ਨੂੰ ਯਾਦ ਜੇਕਰ ਕਰ ਲਵਾਂ ਅਣਭੋਲ ਮੈਂ,
ਹੁੰਦਾ ਹੈ ਦਿਲ ਬੇਜ਼ਾਬਤਾ, ਪ੍ਰੇਸ਼ਾਨ ਵੀ, ਹੈਰਾਨ ਵੀ।

ਰੋਟੀ ਨਹੀਂ ਲੰਗਰ ਬੜੇ, ਕੱਪੜਾ ਨਹੀਂ ਫੈਸ਼ਨ ਬੜੇ,
ਮਜ਼ਦੂਰ ਵੀ ਨੰਗਾ ਫਿਰੇ, ਭੁੱਖਾ ਮਰੇ ਕਿਰਸਾਨ ਵੀ।

ਉਸ ਨੇ ਜ਼ਮਾਨੇ ਨੂੰ ਬੜਾ ਹੀ ਚਾਰਿਆ ਹੈ ਦੋਸਤਾ,
ਜੋ ਜਾਪਦਾ ਸੀ ਬੇਅਕਲ, ਅਣਜਾਣ ਵੀ, ਨਾਦਾਨ ਵੀ।

ਕਿੰਨਾ ਸਿਆਣਾ ਹੋ ਗਿਆ ਇਨਸਾਨ ਮੇਰੇ ਸ਼ਹਿਰ ਦਾ,
ਰਿਸ਼ਤਾ ਵੀ ਚਾਹੁੰਦਾ ਪਾਲਣਾ, ਦੇਖੇ ਨਫ਼ਾ ਨੁਕਸਾਨ ਵੀ।

ਪੈਸਾ ਮਿਲੇ ਤਾਂ ਆਦਮੀ ਸਭ ਕੁਝ ਖਰੀਦੇ 'ਮਹਿਰਮਾ',
ਪਹਿਚਾਨ ਵੀ, ਅਹਿਸਾਨ ਵੀ, ਸਨਮਾਨ ਵੀ, ਭਗਵਾਨ ਵੀ।

## (ਤੇਈ)

ਬਹਿਰ- ਰਮਲ ਮੁਸੱਮਨ ਸਾਲਿਮ
ਰੁਕਨ- ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ
**SISS SISS SISS SISS**

ਸੋਚ ਨਾ, ਅੱਜ ਕਲ੍ਹ ਜ਼ਮਾਨੇ ਵਿੱਚ ਬੁਰਾ ਕੀ ਹੋ ਰਿਹਾ ਹੈ?
ਦੇਖਣਾ ਤਾਂ ਦੇਖ, ਤੇਰੇ ਤੋਂ ਭਲਾ ਕੀ ਹੋ ਰਿਹਾ ਹੈ?

ਸਭ ਦਿਲਾਂ 'ਤੇ ਜ਼ਖ਼ਮ ਲੱਭਣੇ, ਜੇ ਇਨ੍ਹਾਂ ਨੂੰ ਛੇੜ ਬੈਠੇ,
ਰਹਿਣ ਦੇ, ਮਤ ਦੇਖ, ਪਰਦਾ ਨਾ ਹਟਾ, ਕੀ ਹੋ ਰਿਹਾ ਹੈ?

ਆਖਦੇ ਸੀ ਚੋਰ ਦੇ ਘਰ ਵਿੱਚ ਕਦੇ ਨਹੀਂ ਦੀਪ ਜਗਦਾ,
ਜਗਮਗਾਂਦਾ ਦੇਖ ਸਾਰਾ ਘਰ ਉਦ੍ਹਾ, ਕੀ ਹੋ ਰਿਹਾ ਹੈ?

ਪਹਿਨਦੇ ਨੇ ਸਾਫ਼ ਵਸਤਰ, ਪਰ ਦਿਲਾਂ ਵਿੱਚ ਮੈਲ ਰੱਖਣ,
ਤੂੰ ਉਨ੍ਹਾਂ ਦਾ ਯਾਰ ਏਂ, ਤੈਨੂੰ ਪਤਾ ਕੀ ਹੋ ਰਿਹਾ ਹੈ?

ਵੋਟ ਦੇ ਕੇ ਲੋਕ ਸੋਚਣ ਹੁਣ ਅਸਾਡਾ ਰਾਜ ਆਊ,
ਲੀਡਰਾਂ ਦੀ ਸੋਚ ਹੈ ਸਾਨੂੰ ਨਫ਼ਾ ਕੀ ਹੋ ਰਿਹਾ ਹੈ?

ਦੋਸ਼ੀਆਂ ਅੱਗੇ ਕਦੋਂ ਨਿਰਦੋਸ਼ ਦੀ ਹੋਊ ਸੁਣਾਈ,
ਪਾ ਰਹੇ ਨਿਰਦੋਸ਼ ਹਾਲੇ ਤਾਂ ਸਜ਼ਾ, ਕੀ ਹੋ ਰਿਹਾ ਹੈ?

ਲੱਤਾਂ ਇਸ ਦੀਆਂ ਕਬਰ ਵਿੱਚ ਨੇ, ਖਾ ਸਕੇ ਨਾ ਲੂਣ, ਮਿੱਠਾ,
ਲੋਭ ਫਿਰ ਵੀ ਦੌਲਤਾਂ ਦਾ, ਐ! ਖ਼ੁਦਾ ਕੀ ਹੋ ਰਿਹਾ ਹੈ?

ਦੇ ਰਿਹਾ ਕੀ ਲੋਕਤੰਤਰ, ਦੇ ਰਹੀ ਕੀ ਵੋਟ ਪਰਚੀ,
ਲੋਕ ਕੁਝ ਵੀ ਸਮਝਦੇ ਨਹੀਂ, ਤੂੰ ਸੁਣਾ ਕੀ ਹੋ ਰਿਹਾ ਹੈ?

'ਮਹਿਰਮਾ' ਇਸ ਦੌਰ ਵਿੱਚ ਕੁਝ ਬਦਲ ਜਾਊ, ਆਸ ਨਾ ਕਰ,
ਹੋ ਰਿਹੈ ਇਹ ਅਜ਼ਲ ਤੋਂ ਹੀ, ਹੁਣ ਜੁਦਾ ਕੀ ਹੋ ਰਿਹਾ ਹੈ?

## (ਚੌਵੀ)

ਬਹਿਰ- ਰਮਲ ਮੁਸੱਮਨ ਮਹਿਜ਼ੂਫ਼
ਰੁਕਨ- ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲੁਨ
**SISS SISS SISS SIS**

ਨਹੀਂ ਕਿਸੇ ਦਾ ਖ਼ੌਫ਼, ਕੋਈ ਰਖ ਰਿਹਾ ਪਰਦਾ ਨਹੀਂ।
ਐਸਾ ਕਿਹੜਾ ਕੰਮ ਹੈ, ਜੋ ਆਦਮੀ ਕਰਦਾ ਨਹੀਂ।

ਢੋ ਰਿਹਾ ਹਰ ਚੀਜ਼ ਘਰ ਨੂੰ, ਲਾ ਸਕੀਮਾਂ ਰਾਤ ਦਿਨ,
ਭਰਦੈ ਉਹ ਘਰ ਬਾਰ ਲੇਕਿਨ, ਨੀਤ ਨੂੰ ਭਰਦਾ ਨਹੀਂ।

ਬੰਦਗੀ ਕਰ ਕੇ ਖ਼ੁਦਾ ਦੀ, ਬੇੜਾ ਹੁੰਦੈ ਪਾਰ ਜੇ,
ਕਰ ਖ਼ਦਾ ਦੀ ਬੰਦਗੀ, ਕਿਉਂ ਬੰਦਗੀ ਕਰਦਾ ਨਹੀਂ।

ਵਧ ਗਿਆ ਜਦ ਜ਼ੁਲਮ ਤੇਰਾ, ਖ਼ੁਦ ਕਰੂ ਇਨਸਾਫ਼ ਰੱਬ,
ਜ਼ਾਲਿਮਾ ਕੀ ਜ਼ੋਰ ਉਸ 'ਤੇ, ਉਹ ਤੇਰੇ ਘਰ ਦਾ ਨਹੀਂ।

'ਕਰ ਭਲਾ ਹੋਊ ਭਲਾ' ਪੜ੍ਹਦੇ ਰਹੇ ਹਾਂ ਸਬਕ ਇਹ,
ਹਰ ਸਮੇਂ ਇਨਸਾਨ ਕਰਦੈ ਕਿਉਂ ਬੁਰਾ, ਡਰਦਾ ਨਹੀਂ।

ਹਾਰਦੈ ਜੋ ਮੈਚ, ਜਾਣੇ ਉਹ ਹੀ ਜਿੱਤਣ ਦਾ ਮਜ਼ਾ,
ਇਸ ਮਜ਼ੇ ਨੂੰ ਉਹ ਕੀ ਮਾਣੂੰ, ਜੋ ਕਦੇ ਹਰਦਾ ਨਹੀਂ।

ਆ ਗਿਆ ਜਦ ਦਿਲ ਕਿਸੇ 'ਤੇ, ਮਰ ਗਿਆ ਅਣਭੋਲ ਉਹ,
ਇੱਕ ਅਦਾ ਹੀ ਮਾਰ ਦੇਵੇ, ਜੋ ਕਦੇ ਮਰਦਾ ਨਹੀਂ।

ਕਿਸ ਤਰ੍ਹਾਂ ਦਾ ਯਾਰ 'ਮਹਿਰਮ' ਮਿਲ ਗਿਐ ਮਹਿਬੂਬ ਮੈਨੂੰ,
ਮਿਲ ਪਵੇ ਤਾਂ ਜਾਨ ਖਾਵੇ, ਬਿਨ ਮਿਲੇ ਸਰਦਾ ਨਹੀਂ।

•♣•

## (ਪੱਚੀ)

ਬਹਿਰ- ਦੋਹਿਰਾ
ਰੁਕਨ- ਫ਼ੇਲੁਨ ਫ਼ੇਲੁਨ ਫ਼ਾਇਲੁਨ ਫ਼ੇਲੁਨ ਫ਼ੇਲੁਨ ਫ਼ੇਲ
**SS SS SIS SS SS SI**

ਇਹ ਲੋਕਾਂ ਦਾ ਰਾਜ ਹੈ, ਭਰਮ ਰਿਹਾ ਏ ਟੁੱਟ।
ਦੇਸ਼ ਦੇ ਲੀਡਰ ਦੇਸ਼ ਨੂੰ, ਆਪ ਰਹੇ ਨੇ ਲੁੱਟ।

ਹੁਣ ਨਾ ਮਿਲਦੀ ਏਕਤਾ, ਕਿਸ ਨੇ ਲੜਨੇ ਘੋਲ,
ਦਸ ਦਸ ਬੰਦੇ ਤੁਰ ਪਏ, ਬਣ ਬਣ ਵੱਖਰਾ ਗੁੱਟ।

ਰਿਸ਼ਵਤ ਲੈਂਦਾ ਫੜ ਲਿਆ, ਜੇ ਤੈਨੂੰ ਇਕ ਵਾਰ,
ਤੂੰ ਵੀ ਤੇ ਉਸਤਾਦ ਏਂ, ਰਿਸ਼ਵਤ ਦੇ ਕੇ ਛੁੱਟ।

ਥਾਣੇਦਾਰ ਜੀ ਆਪ ਨੂੰ, ਦਿੱਤੀ ਏਨੀ ਖੁੱਲ੍ਹ,
ਫੜ ਕੇਵਲ ਨਿਰਦੋਸ਼ ਨੂੰ, ਜਿੰਨਾ ਮਰਜ਼ੀ ਕੁੱਟ।

ਕਿਸਨੂੰ ਮੰਦਾ ਆਖਣਾ, ਕਿਸਨੂੰ ਦੇਣਾ ਦੋਸ਼,
ਘਰ ਦੇ ਟੁਕੜੇ ਕਰ ਗਈ, ਦੋ ਜੀਆਂ ਦੀ ਫੁੱਟ।

ਇਕ ਦਿਨ ਇਸ ਨੇ ਗਰਕਣਾ, ਕੋਈ ਨਾ ਸਕਦਾ ਰੋਕ,
ਪਾਪੀ ਅਪਣੀ ਆਪ ਹੀ, ਕਬਰ ਰਿਹਾ ਏ ਪੁੱਟ।

ਗਲ਼ ਤੋਂ ਫੜ ਕੇ ਧੂਹ ਲਵੇ, ਤਖਤੋਂ ਦੇਵੇ ਲਾਹ,
ਡਰ! ਪਰਜਾ ਤੋਂ ਹਾਕਮਾਂ, ਏਨਾ ਗਲ਼ ਨਾ ਘੁੱਟ।

ਬੇਸ਼ੱਕ ਜ਼ੋਰ ਹੈ ਝੂਠ ਦਾ, ਜਿੱਤੂ ਆਖ਼ਿਰ ਸੱਚ,
ਤੂੰ ਵੀ ਬਹਿ ਚੁੱਪ-ਚਾਪ ਨਾ, ਕੁਝ ਤਾਂ ਮੂੰਹੋਂ ਫੁੱਟ।

ਪਰਖ਼ ਨਾ ਏਨਾ ਸਬਰ ਨੂੰ, ਨਾ ਕਰ ਏਨੀ ਅੱਤ,
ਮੇਰੇ ਸਬਰ ਦਾ ਜ਼ਾਲਮਾ, ਬੰਨ ਵੀ ਸਕਦਾ ਟੁੱਟ।

ਹਿੰਮਤ ਦਿੰਦੀ ਸਫਲਤਾ, ਕੋਸ਼ਿਸ਼ ਕਰ ਕੇ ਦੇਖ,
ਵਿਹਲਾ ਬਹਿ ਕੇ ਦੋਸ਼ ਨਾ, ਕਿਸਮਤ ਉੱਪਰ ਸੁੱਟ।

ਬੰਨ ਕਫ਼ਨ ਤੁਰ ਪੈਣਗੇ, ਸਿਰ 'ਤੇ ਓਦੋਂ ਲੋਕ,
ਛੱਡਣਗੇ ਜਦ 'ਮਹਿਰਮਾ', ਭਰਨੇ ਕੌੜੇ ਘੁੱਟ।

## (ਛੱਬੀ)

ਬਹਿਰ- ਰਮਲ ਮੁਸੱਦਸ ਮਹਿਜ਼ੂਫ਼
ਰੁਕਨ- ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲੁਨ
**SISS SISS SIS**

ਇਸ਼ਕ, ਉਲਫ਼ਤ ਜੇ ਵਫ਼ਾ ਦਾ ਗੀਤ ਹੈ।
ਬੇਵਫ਼ਾਈ ਵੀ ਇਨ੍ਹਾਂ ਦੀ ਰੀਤ ਹੈ।

ਚੱਲ ਰਿਹਾ ਇਹ ਤਾਂ ਅਜ਼ਲ ਤੋਂ ਸਿਲਸਿਲਾ,
ਹਰ ਨਵਾਂ ਦਿਨ ਆ ਕੇ ਜਾਣਾ ਬੀਤ ਹੈ।

ਜਦ ਸ਼ੁਰੂ ਹੋ ਜਾਣ ਦਿਲ ਵਿੱਚ ਨਫ਼ਰਤਾਂ,
ਦਿਲ ਬਦਲਦਾ ਸਾਜ਼ ਤੇ ਸੰਗੀਤ ਹੈ।

ਕੀ ਕਹਾਂ ਆਦਮ ਹਵਾ ਦੇ ਵਾਰਸੋ,
ਸੱਚ ਨਹੀਂ, ਜੋ ਹੋ ਰਿਹਾ ਪਰਤੀਤ ਹੈ।

ਹੈ ਜਿਨ੍ਹਾਂ 'ਤੇ ਮਾਣ ਮੇਰੇ ਯਾਰ ਦੋ,
ਜਿਸ ਤਰਾਂ 'ਜਿੰਗਾ', ਉਵੇਂ 'ਮਨਜੀਤ' ਹੈ,

ਨਾ ਡਰੀਂ ਗ਼ਮ ਤੋਂ ਕਦੇ ਦਿਲ ਵਾਲਿਆ,
ਜ਼ਿੰਦਗੀ ਦੀ ਸਮਝਣੀ ਜੇ ਰੀਤ ਹੈ।

ਇਸ਼ਕ ਦੇਵੇ ਜੇ ਤੜਪ ਤਾਂ ਸਬਰ ਕਰ,
ਪਰਖ਼ਦਾ ਤੈਨੂੰ ਤੇਰਾ ਮਨ-ਮੀਤ ਹੈ।

ਬੇਵਫ਼ਾ ਦੇ ਨਾਲ ਵੀ ਕਰਦੈ ਵਫ਼ਾ,
ਯਾ ਖ਼ੁਦਾ 'ਮਹਿਰਮ' ਦੀ ਕੇਹੀ ਪ੍ਰੀਤ ਹੈ।

## (ਸਤਾਈ)

ਬਹਿਰ- ਹਜ਼ਜ਼ ਮੁਸੱਮਨ ਮਕਬੂਜ਼
ਰੁਕਨ- ਮੁਫ਼ਾਇਲੁਨ ਮੁਫ਼ਾਇਲੁਨ ਮੁਫ਼ਾਇਲੁਨ ਮੁਫ਼ਾਇਲੁਨ
**ISIS ISIS ISIS ISIS**

ਵਫ਼ਾ ਕਰੇ ਜਫ਼ਾ ਕਰੇ, ਇਹ ਵੀ ਤਾਂ ਹੈ ਅਦਾ ਉਦ੍ਹੀ।
ਗਿਲਾ ਕਿਸੇ 'ਤੇ ਨਾ ਕਰੀਂ, ਦਿਲਾ ਤੂੰ ਮੰਨ ਰਜ਼ਾ ਉਦ੍ਹੀ।

ਗ਼ਰੀਬ ਦਾ ਜੋ ਖ਼ਾਬ ਹੈ,ਜਨਾਬ ਤੋਂ ਜਵਾਬ ਹੈ,
ਕੀ ਲੇਖ ਹੈ ਨਸੀਬ ਦਾ, ਹੈ ਰੀਝ ਕੀ ਪਤਾ ਉਦ੍ਹੀ।

ਪਤਾ ਨਹੀਂ ਕੀ ਰਾਜ਼ ਹੈ, ਮਿਲੇ ਨਾ ਹੁਣ ਉਹ ਘਰ ਕਦੇ,
ਨਗਰ ਦੇ ਹਰਿਕ ਸ਼ਖ਼ਸ ਤੋਂ, ਬੜੀ ਸੁਣੀ ਹਵਾ ਉਦ੍ਹੀ।

ਮਜ਼ਾਕ ਦਾ ਲਿਹਾਜ਼ ਤਾਂ, ਹਰੇਕ ਹੀ ਕਰੇ ਸਦਾ,
ਬਣੇ ਗ਼ਰੂਰ ਹੁਸਨ ਦਾ, ਕਦੇ ਕਦੇ ਸਜ਼ਾ ਉਦ੍ਹੀ।

ਉਹ ਬੇਵਫ਼ਾ ਦੀ ਯਾਦ ਵਿੱਚ, ਰਹੇ ਵਹਾਉਂਦਾ ਅਸ਼ਕ, ਪਰ,
ਜਿਵੇਂ ਰਹੇ ਉਹ ਖੁਸ਼ ਰਹੇ, ਅਜੇ ਵੀ ਹੈ ਦੁਆ ਉਦ੍ਹੀ।

ਜ਼ਲੀਲ ਕਰ, ਨਰਾਜ਼ ਹੋ, ਪਰੇ ਨੂੰ ਜੋ ਸੀ ਤੁਰ ਪਿਆ,
ਪਿਛਾਂਹ ਮੁੜੂ ਗਲੇ ਮਿਲੂ, ਉਮੀਦ ਕੀ ਭਲਾ ਉਦ੍ਹੀ।

ਇਨਾਮ ਹੈ ਇਹ ਇਸ਼ਕ ਦਾ, ਮਿਲੇ ਵਫ਼ਾ ਜੇ ਯਾਰ ਤੋਂ,
ਐ! ਦਿਲ ਕਰੇਂ ਜੇ ਤੂੰ ਖ਼ਤਾ, ਮਿਲੇਗੀ ਫਿਰ ਸਜ਼ਾ ਉਦ੍ਹੀ।

ਮਰੀਜ਼ ਦਾ ਇਲਾਜ਼ ਹੈ, ਜੇ ਸਿਰਫ਼ ਦਰਸ ਯਾਰ ਦਾ,
ਮਰਜ਼ ਹਟੇ ਕਸਕ ਘਟੇ, ਕੋਈ ਕਰੋ ਦਵਾ ਉਦ੍ਹੀ।

ਇਹ ਸ਼ਿਅਰ ਜੋ ਲਿਖਾ ਰਿਹਾ, ਉਹ ਕੌਣ ਖੁਸ਼ਨਸੀਬ ਹੈ,
ਲਿਖੇਂ ਗ਼ਜ਼ਲ ਜੋ 'ਮਹਿਰਮਾ', ਕਰੀਂ ਸਿਫ਼ਤ ਜ਼ਰਾ ਉਦ੍ਹੀ।

•♣•

## (ਅਠਾਈ)

ਬਹਿਰ- ਰਜਜ਼ ਮੁਸੱਮਨ ਸਾਲਿਮ
ਰੁਕਨ- ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ
**SSIS SSIS SSIS SSIS**

ਕਰਦਾ ਰਿਹਾ ਮਹਿਬੂਬ, ਵਲ਼ ਛਲ਼ ਹਰ ਸਮੇਂ ਕਰਦਾ ਰਿਹਾ।
ਜਰਦਾ ਰਿਹਾ ਦਿਲ ਸਭ, ਸਮਝ ਉਸ ਦੀ ਰਜ਼ਾ ਜਰਦਾ ਰਿਹਾ।

ਮਰਦਾ, ਤਾਂ ਮੈਂ ਮਰਦਾ ਉਦ੍ਹੇ ਈਮਾਨ 'ਤੇ ਇਖ਼ਲਾਕ 'ਤੇ,
ਦੀਵਾਨਗੀ ਸੀ ਜੋ ਉਦ੍ਹੇ, ਮੈਂ ਰੂਪ 'ਤੇ ਮਰਦਾ ਰਿਹਾ।

ਡਰਦਾ ਨਹੀਂ ਸੀ ਜੋ ਕਿਸੇ ਤੋਂ, ਜ਼ੁਲਮ ਕਰਦਾ ਰਾਤ ਦਿਨ,
ਸ਼ੀਸ਼ੇ 'ਚ ਖ਼ੁਦ ਨੂੰ ਦੇਖ, ਅਪਣੇ ਆਪ ਤੋਂ ਡਰਦਾ ਰਿਹਾ।

ਹਰਦਾ ਜਦੋਂ ਇਨਸਾਨ, ਦਿੰਦੀ ਹਾਰ ਵੀ ਹਿੰਮਤ ਬੜੀ,
ਟੁੱਟਾ ਜਦੋਂ ਵਿਸ਼ਵਾਸ਼, ਬੰਦਾ ਜਿੱਤ ਕੇ ਹਰਦਾ ਰਿਹਾ।

ਕਰ ਤੂੰ ਭਲਾ ਮਜ਼ਲੂਮ ਦਾ, ਦੇਵੇ ਦੁਆ ਜੋ ਤਹਿ ਦਿਲੋਂ,
ਮਿੱਟੀ ਬਣੂ ਅਹਿਸਾਨ, ਜੇ ਖ਼ੁਦਗਰਜ਼ 'ਤੇ ਕਰਦਾ ਰਿਹਾ।

ਠਰਦਾ ਨਹੀਂ ਸੀਨਾ ਮੇਰਾ, ਬਿਰਹਾ ਜਲ਼ਾਵੇ ਹਰ ਸਮੇਂ,
ਮਿਲਦੀ ਰਹੀ ਉਸ ਦੀ ਖ਼ਬਰ, ਹਿਰਦਾ ਮੇਰਾ ਠਰਦਾ ਰਿਹਾ।

ਭਰਿਆ ਨਹੀਂ ਦਿਲ ਦਾ ਕਦੇ ਵੀ ਜ਼ਖ਼ਮ, ਪਰ ਰਿਸਿਆ ਉਦੋਂ,
ਕਰ ਕੇ ਕਿਸੇ ਨੂੰ ਯਾਦ, ਮੈਂ ਹੌਕਾ ਜਦੋਂ ਭਰਦਾ ਰਿਹਾ।

ਤਰਨਾ ਬੜਾ ਔਖਾ, ਜਦੋਂ ਬੇੜੀ ਫਸੇ ਮੰਝਧਾਰ ਵਿੱਚ,
ਜੋ ਹੌਸਲਾ ਕਰਦਾ ਰਿਹਾ, ਦਰਿਆ ਉਹੀ ਤਰਦਾ ਰਿਹਾ।

ਡਰ ਹੈ ਉਹਦਾ ਜਾਂ ਵਹਿਮ ਹੈ, ਲਗਦਾ ਪਤਾ ਨਹੀਂ ਯਾਰ ਦਾ,
ਇਜ਼ਹਾਰ ਤਾਂ ਕਰਦਾ ਰਿਹਾ, ਇਕਰਾਰ ਤੋਂ ਡਰਦਾ ਰਿਹਾ।

ਸਰਦਾ ਇਵੇਂ ਹੈ 'ਮਹਿਰਮਾ', ਸਭ ਦਾ ਕਿਸੇ ਦਿਲਦਾਰ ਬਿਨ,
ਮੇਰਾ ਜਿਵੇਂ ਸਰਦਾ ਰਿਹਾ, ਤੇਰਾ ਜਿਵੇਂ ਸਰਦਾ ਰਿਹਾ।

•♣•

## (ਉਨੱਤੀ)

ਬਹਿਰ- ਹਜ਼ਜ਼ ਮੁਸੱਮਨ ਅਸ਼ਤਰ ਮਕਬੂਜ਼
ਰੁਕਨ- ਫ਼ਾਇਲੁਨ ਮੁਫ਼ਾਇਲੁਨ ਮੁਫ਼ਾਇਲੁਨ ਮੁਫ਼ਾਇਲੁਨ
**SIS ISIS ISIS ISIS**

ਤੂੰ ਕਰੇਂ ਨਸੀਬ ਤੇ, ਬੇਕਾਰ ਹੀ ਗਿਲਾ ਦਿਲਾ।
ਦੱਸ ਕਦੋਂ ਮਿਲੇ ਕਿਸੇ ਨੂੰ, ਇਸ਼ਕ ਤੇ ਵਫ਼ਾ ਦਿਲਾ।

ਰੂਪ, ਰੰਗ, ਵੇਸ, ਦੇਸ਼, ਦੇਖਦਾ ਏ ਕਦ ਬਸ਼ਰ,
ਰੂਹ 'ਚ ਵਸ ਗਿਆ ਉਹ, ਜੋ ਨਜ਼ਰ ਨੂੰ ਭਾਅ ਗਿਆ ਦਿਲਾ।

ਰੱਬ ਦੀ ਜ਼ਮੀਨ 'ਤੇ, ਅਮੀਰ 'ਚੋਂ ਗ਼ਰੀਬ 'ਚੋਂ,
ਕੌਣ ਜੋ ਦੁਖੀ ਨਹੀਂ, ਤੂੰ ਢੂੰਡ ਕੇ ਦਿਖਾ ਦਿਲਾ।

ਹੈ ਜਿਨ੍ਹਾਂ 'ਤੇ ਹੋ ਰਹੀ, ਤੇਰੀ ਤੜਪ ਵੀ ਬੇਅਸਰ,
ਨਾ ਉਨ੍ਹਾਂ ਨੂੰ ਯਾਦ ਕਰ, ਨਾ ਐਵੇਂ ਸਿਰ ਖ਼ਪਾ ਦਿਲਾ।

ਓਸਦਾ ਸਮਝ ਕਿ ਹੋ ਗਿਆ ਦਿਮਾਗ਼ ਹੀ ਖ਼ਰਾਬ ਹੈ,
ਭਾਲਦਾ ਹੈ ਜੋ ਜ਼ਰਾ ਵੀ ਇਸ਼ਕ 'ਚੋਂ ਨਫ਼ਾ ਦਿਲਾ।

ਜ਼ਿੰਦਗੀ ਨੂੰ ਮਿਲ ਰਹੀ ਏ, ਹਰ ਤਰਫ਼ ਤੋਂ ਬੇਰੁਖ਼ੀ,
ਨਾ ਕਿਸੇ ਨੂੰ ਦੋਸ਼ ਦੇਹ, ਹੈ ਵਕਤ ਹੀ ਬੁਰਾ ਦਿਲਾ।

ਹੁਣ ਦਿਲਾਂ ਦੇ ਮਾਮਲੇ 'ਚ ਨਾ ਕਿਸੇ ਤੇ ਜ਼ੋਰ ਹੈ,
ਹੁਸਨ ਦਾ ਗ਼ਰੂਰ ਹੈ ਜਾਂ ਪੈਸੇ ਦਾ ਨਸ਼ਾ ਦਿਲਾ।

ਦਿਲ ਦੀ ਹਰ ਉਮੀਦ ਹੈ ਯਕੀਨ ਤੇ ਟਿਕੀ, ਮਗਰ,
ਹੈ ਕਿਸੇ ਦੇ ਦਿਲ 'ਚ ਕੀ, ਇਹ ਕਿਸ ਨੂੰ ਹੈ ਪਤਾ ਦਿਲਾ।

## (ਤੀਹ)

ਬਹਿਰ- ਹਜਜ਼ ਮੁਸੱਮਨ ਅਖ਼ਰਬ
ਰੁਕਨ- ਮਫ਼ਊਲ ਮੁਫ਼ਾਈਲੁਨ ਮਫ਼ਊਲ ਮੁਫ਼ਾਈਲੁਨ
**SSI ISSS SSI ISSS**

ਦਿਲ ਤੋੜ ਕੇ ਤੁਰ ਪੈਂਦੈ, ਦਿਲਦਾਰ ਜਦੋਂ ਮਰਜ਼ੀ।
ਫਿਰ ਯਾਦ ਕਰੇ ਉਸਦੀ, ਬੇਜ਼ਾਰ ਜਦੋਂ ਮਰਜ਼ੀ।

ਇਜ਼ਹਾਰ ਕਰੇ ਡਟ ਕੇ, ਇਕਰਾਰ ਨਹੀਂ ਕਰਦਾ,
ਉਲਫ਼ਤ 'ਚ ਸੁਣੋ ਉਸ ਤੋਂ, ਇਨਕਾਰ ਜਦੋਂ ਮਰਜ਼ੀ।

ਵਿਸ਼ਵਾਸ ਕਿਵੇਂ ਹੋਵੇ, ਕਲ੍ਹ ਫੇਰ ਮਿਲੂ ਆ ਕੇ,
ਮਹਿਬੂਬ ਜਿਵੇਂ ਕਰਦੈ, ਤਕਰਾਰ ਜਦੋਂ ਮਰਜ਼ੀ।

ਇਹ ਨੈਣ ਅਸਾਡੇ ਵੀ, ਤੱਕ ਲੈਣ ਨਜ਼ਰ ਭਰਕੇ,
ਜੇ ਝਲਕ ਦਿਖਾ ਜਾਵੇਂ, ਇੱਕ ਵਾਰ ਜਦੋਂ ਮਰਜ਼ੀ।

ਖ਼ਾਮੋਸ਼ ਮੁਹੱਬਤ ਵੀ, ਤਾਂ ਯਾਰ ਸਜ਼ਾ ਈ ਹੈ,
ਤੂੰ ਸ਼ੋਖ ਅਦਾਵਾਂ ਦਾ, ਕਰ ਵਾਰ ਜਦੋਂ ਮਰਜ਼ੀ।

ਹੈ ਸ਼ੌਂਕ ਅਮੀਰਾਂ ਦਾ, ਜਾਂ ਮਾਣ ਅਮੀਰੀ ਦਾ,
ਕਿਉਂ ਦੇਣ ਗ਼ਰੀਬਾਂ ਨੂੰ, ਫਿਟਕਾਰ ਜਦੋਂ ਮਰਜ਼ੀ।

ਦਿਨ ਰਾਤ ਚੁਰਾ ਦੌਲਤ, ਘਰ-ਬਾਰ ਭਰੇ ਨੇਤਾ,
ਚੱਲੇ ਜਾਂ ਭਲਾ ਡਿੱਗੇ, ਸਰਕਾਰ ਜਦੋਂ ਮਰਜ਼ੀ।

ਨਹੀਂ ਆਪ ਅਮਲ ਕਰਦਾ, ਉਹ ਸ਼ਖ਼ਸ ਅਸੂਲਾਂ 'ਤੇ,
ਜਲਸੇ 'ਚ ਸੁਣੋ ਉਸ ਤੋਂ, ਪਰਚਾਰ ਜਦੋਂ ਮਰਜ਼ੀ।

ਜੋ ਸੀਸ ਤਲੀ ਧਰਦੇ, ਉਹ ਦੇਣ ਇਹੀ ਹੋਕਾ,
ਕਾਤਿਲ ਨੂੰ ਕਹੋ ਪਰਖੇ, ਤਲਵਾਰ ਜਦੋਂ ਮਰਜ਼ੀ।

ਨਿਰਦੋਸ਼ ਲਹੂ ਡੁੱਲੇ, ਮਜ਼ਲੂਮ ਰਹੇ ਮਰਦਾ,
ਮਗ਼ਰੂਰ ਉਠਾ ਲੈਂਦੈ, ਹਥਿਆਰ ਜਦੋਂ ਮਰਜ਼ੀ।

ਤਸਵੀਰ ਵਸੀ ਹੋਵੇ, ਮਹਿਬੂਬ ਦੀ ਜਿਸ ਦਿਲ ਵਿੱਚ,
ਉਹ ਸੀਸ ਝੁਕਾ ਕਰਦੈ, ਦੀਦਾਰ ਜਦੋਂ ਮਰਜ਼ੀ।

'ਮਹਿਰਮ' ਜੀ! ਜ਼ਮਾਨੇ ਵਿੱਚ, ਇਤਬਾਰ ਰਹੂ ਕਿਸ 'ਤੇ,
ਇਨਸਾਨ ਜਿਵੇਂ ਬਦਲੇ, ਕਿਰਦਾਰ ਜਦੋਂ ਮਰਜ਼ੀ।

•♣•

## (ਇਕੱਤੀ)

ਬਹਿਰ- ਹਜਜ਼ ਮੁਸੱਮਨ ਅਖ਼ਰਬ
ਰੁਕਨ- ਮਫ਼ਊਲ ਮੁਫ਼ਾਈਲੁਨ ਮਫ਼ਊਲ ਮੁਫ਼ਾਈਲੁਨ
**SSI ISSS SSI ISSS**

ਜਦ ਮੀਤ ਪਿਆਰੇ ਦੀ, ਤਸਵੀਰ ਵਸੇ ਦਿਲ ਵਿੱਚ।
ਫਿਰ ਇਸ਼ਕ ਮੁਹੱਬਤ ਦਾ, ਇੱਕ ਦੀਪ ਜਲੇ ਦਿਲ ਵਿੱਚ।

ਜੇ ਸਾਥ ਉਦ੍ਹਾ ਚਾਹੁਨੈਂ, ਵਿਸ਼ਵਾਸ ਬਣਾ ਏਨਾ,
ਉਹ ਤੋੜ ਲਵੇ ਯਾਰੀ, ਨਾ ਸੋਚ ਸਕੇ ਦਿਲ ਵਿੱਚ।

ਇਹ ਵਕਤ ਜਦੋਂ ਬਦਲੇ, ਇਤਫ਼ਾਕ ਬਣੇ ਐਸਾ,
ਅਣਜਾਣ ਮੁਸਾਫ਼ਰ ਵੀ, ਮਹਿਮਾਨ ਬਣੇ ਦਿਲ ਵਿੱਚ।

ਐ ਯਾਰ ਨਸੀਬਾਂ ਬਿਨ, ਇਹ ਰਹਿਣ ਅਧੂਰੇ ਹੀ,
ਇਨਸਾਨ ਸਜਾ ਲੈਂਦੈ, ਅਰਮਾਨ ਬੜੇ ਦਿਲ ਵਿੱਚ।

ਅਣਮੋਲ ਘੜੀ ਓਦੋਂ, ਬੇਕਾਰ ਜਿਹੀ ਜਾਪੇ,
ਜਦ ਗ਼ਰਜ਼ ਬਣੇ ਭਾਰੂ, ਜਜ਼ਬਾਤ ਮਰੇ ਦਿਲ ਵਿੱਚ।

ਮਾਯੂਸ ਨਹੀਂ ਹੁੰਦਾ, ਜੇ ਯਾਰ ਨਹੀਂ ਦਿਸਦਾ,
ਉਹ ਸੀਸ ਝੁਕਾ ਕੇ ਹੀ, ਦੀਦਾਰ ਕਰੇ ਦਿਲ ਵਿੱਚ।

ਕਈ ਵਾਰ ਸਹੀ ਬੰਦਾ, ਪੈ ਜਾਏ ਕੁਰਾਹੇ ਵੀ,
ਜਦ ਠੋਸ ਹਕੀਕਤ ਵੀ, ਬਣ ਝੂਠ ਵਸੇ ਦਿਲ ਵਿੱਚ।

ਬੇਦਰਦ ਜ਼ਮਾਨਾ ਤਾਂ, ਦੀਵਾਰ ਬਣੇ ਅਕਸਰ,
ਮਿਲ ਪੈਣ ਦਿਲਾਂ ਵਾਲੇ,ਜੇ ਸਿਦਕ ਰਹੇ ਦਿਲ ਵਿੱਚ।

ਹਮਦਰਦ ਤਾਂ ਭੁੱਲ ਕੇ ਵੀ, ਨਾ ਸਿਫ਼ਤ ਕਰੇ ਝੂਠੀ,
ਉਹ ਨੇਕ ਸਲਾਹ ਦੇ ਕੇ, ਵਿਸ਼ਵਾਸ ਭਰੇ ਦਿਲ ਵਿੱਚ।

ਐ ਯਾਰ ਨਹੀਂ ਕਰਦਾ, ਇਹ ਇਸ਼ਕ ਵਫ਼ਾ ਸਭ ਨੂੰ,
ਅਕਸਰ ਹੀ ਵਿਛੋੜੇ ਦਾ, ਦਿਲ ਦਰਦ ਜਰੇ ਦਿਲ ਵਿੱਚ।

ਗ਼ੁਸਤਾਖ਼ ਬੜੈ 'ਮਹਿਰਮ', ਕੁਝ ਮਾਫ਼ ਨਹੀਂ ਕਰਦਾ,
ਉਹ ਆਖ ਦਏ ਜੋ ਵੀ, ਮਹਿਸੂਸ ਕਰੇ ਦਿਲ ਵਿੱਚ।

## (ਬੱਤੀ)

ਬਹਿਰ- ਹਜ਼ਜ਼ ਮੁਸੱਮਨ ਮੁਸੱਬਗ
ਰੁਕਨ- ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲਾਨ
**ISSS ISSS ISSS ISSSI**

ਉਨ੍ਹਾਂ ਦਾ ਕੀ ਕਰਾਂ ਯਾਰੋ, ਸਤਾਉਂਦੇ ਨੇ ਜੋ ਆ ਕੇ ਯਾਦ।
ਭੁਲਾਇਆਂ ਵੀ ਨਹੀਂ ਭੁੱਲਦੀ, ਬੜੀ ਦੇਖੀ ਭੁਲਾ ਕੇ ਯਾਦ।

ਹਨੇਰੇ ਵਿੱਚ ਇਕੱਲਾ ਬਹਿ, ਕਰੇ ਗੱਲਾਂ ਜੋ ਕੰਧਾਂ ਨਾਲ,
ਕਿਸੇ ਨੂੰ ਕੀ ਪਤਾ ਕਿਸ ਨੂੰ, ਕਰੇ ਉਹ ਮੂੰਹ ਛੁਪਾ ਕੇ ਯਾਦ।

ਮੁਹੱਬਤ ਦਾ ਤਕਾਜ਼ਾ ਹੈ, ਜਾਂ ਕਰਦੇ ਨੇ ਦਿਖਾਵਾ ਲੋਕ,
ਦੀਵਾਰਾਂ 'ਤੇ ਲਗਾ ਲੈਂਦੈ, ਉਹ ਸ਼ੀਸ਼ੇ ਵਿੱਚ ਸਜਾ ਕੇ ਯਾਦ।

ਹੁਣੇ ਤੂੰ ਨਾਂ ਲਿਆ ਜਿਸਦਾ, ਖੜਾ ਹੈ ਉਹ ਦਰਾਂ 'ਤੇ ਆਣ,
ਇਵੇਂ ਲੱਗਦੈ ਜਿਵੇਂ ਉਸਨੂੰ, ਤੂੰ ਕਰਦੈਂ ਦਿਲ ਲਗਾ ਕੇ ਯਾਦ।

ਮੇਰੇ ਮਿੱਤਰ ਬੜਾ ਪੁੱਛਣ, ਤੇਰੇ ਬਾਰੇ ਬਹਾਨੇ ਨਾਲ,
ਉਨ੍ਹਾਂ ਨੂੰ ਕੀ ਭਲਾ ਮਿਲਦਾ , ਪੁਰਾਣੇ ਦਿਨ ਕਰਾ ਕੇ ਯਾਦ।

ਪੁਰਾਣੇ ਖ਼ਤ ਕਿਤਾਬਾਂ ਚੋਂ, ਜੇ ਮਿਲਦੇ ਨੇ ਤਾਂ ਰੱਖੀਂ ਸਾਂਭ,
ਨਹੀਂ ਦਿਲ ਚੋਂ ਮਿਟਾ ਹੁੰਦੀ, ਕਿਸੇ ਦੇ ਖ਼ਤ ਜਲਾ ਕੇ ਯਾਦ।

ਮਿਲੇ ਆਪਾਂ ਉਦੋਂ ਜਿੱਥੇ, ਉਨ੍ਹਾਂ ਰਾਹਾਂ 'ਤੇ ਆ ਕੇ ਦੇਖ,
ਭੁਲੇਖਾ ਪੈ ਰਿਹਾ ਕੋਈ ਕਰੇ ਹੁਣ ਵੀ ਬੁਲਾ ਕੇ ਯਾਦ।

ਗਿਲੇ ਸ਼ਿਕਵੇ ਮਿਟਣ ਸਾਰੇ, ਬਚੇ ਦਿਲ ਵਿਚ ਰਤਾ ਨਾ ਮੈਲ,
ਕਿਸੇ ਨੂੰ ਵੀ ਕਰੇ ਬੰਦਾ, ਜਦੋਂ ਹੰਝੂ ਵਹਾ ਕੇ ਯਾਦ।

ਕਦੇ ਬਣਦੀ ਨਹੀਂ ਦੇਖੀ, ਜ਼ਮਾਨੇ ਦੀ ਮੁਹੱਬਤ ਨਾਲ,
ਉਹ 'ਮਹਿਰਮ' ਨੂੰ ਕਰੇ ਤਾਂ ਹੀ, ਜ਼ਮਾਨੇ ਤੋਂ ਛੁਪਾ ਕੇ ਯਾਦ।

•♣•

## (ਤੇਤੀ)

ਬਹਿਰ- ਹਜ਼ਜ਼ ਮੁਸੱਮਨ ਸਾਲਿਮ
ਰੁਕਨ- ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ
**ISSS ISSS ISSS ISSS**

ਉਹ ਆਕੜ ਵਿੱਚ ਸਹੇ ਦੇ ਵਾਂਗ ਰਾਹ ਵਿੱਚ ਬਹਿ ਗਿਆ ਹੋਣੈ।
ਸਮੇਂ ਦੀ ਦੌੜ 'ਚੋਂ ਪਿੱਛੇ ਉਹ ਤਾਂ ਹੀ ਰਹਿ ਗਿਆ ਹੋਣੈ।

ਕਦੇ ਭਾਵੁਕ, ਕਦੇ ਮਜ਼ਬੂਰ ਕਰਦੇ ਨੇ ਕਿਵੇਂ ਰਿਸ਼ਤੇ,
ਬੜਾ ਕੁਝ ਸੋਚਦਾ ਇਸ ਵਹਿਣ ਵਿੱਚ ਉਹ ਵਹਿ ਗਿਆ ਹੋਣੈ।

ਜ਼ਮਾਨੇ ਦੇ ਸਿਤਮ ਅੱਗੇ, ਜਿਨ੍ਹਾਂ ਦੀ ਪੇਸ਼ ਨਾ ਚੱਲੀ,
ਬਣਾਇਆ ਮਹਿਲ ਖ਼ਾਬਾਂ ਦਾ, ਉਨ੍ਹਾਂ ਦਾ ਢਹਿ ਗਿਆ ਹੋਣੈ।

ਇਸੇ ਕਰਕੇ ਤੂੰ ਮੰਦਾ ਬੋਲਿਐ ਉਸਨੂੰ ਬਿਨਾਂ ਦੋਸ਼ੋਂ,
ਕਦੇ ਪਹਿਲਾਂ ਉਹ ਚੁੱਪ ਕਰਕੇ ਬੜਾ ਕੁਝ ਸਹਿ ਗਿਆ ਹੋਣੈ।

ਜੋ ਤੁਰਿਆ ਤੋੜ ਕੇ ਬੰਧਨ, ਮੁਕਾ ਕੇ ਸਾਂਝ ਦੇ ਰਿਸ਼ਤੇ,
ਪਿਛਾਂਹ ਤੱਕਦਾ ਸੀ ਉਹ ਮੁੜ ਮੁੜ, ਅਜੇ ਕੁਝ ਰਹਿ ਗਿਆ ਹੋਣੈ।

ਗਿਆ ਗ਼ਮਗੀਨ ਸੀ, ਮੁੜਿਐ ਤਾਂ ਹੌਲਾ ਫੁੱਲ ਜਿਹਾ ਲੱਗਿਆ,
ਸੁਣਾ ਕੇ ਯਾਰ ਨੂੰ ਦੁੱਖ, ਭਾਰ ਦਿਲ ਤੋਂ ਲਹਿ ਗਿਆ ਹੋਣੈ।

ਉਨ੍ਹਾਂ ਦੀ ਅੱਖ 'ਚ ਕੰਕਰ ਵਾਂਗ ਰੜਕੇਂ ਨਾ ਕਿਵੇਂ ਤੂੰ ਵੀ,
ਤੇਰਾ ਸੱਚ ਵੀ ਉਨ੍ਹਾਂ ਦੇ ਝੂਠ ਦੇ ਸੰਗ ਖਹਿ ਗਿਆ ਹੋਣੈ।

ਉਡੀਕੇ ਰਾਤ ਦਿਨ 'ਮਹਿਰਮ' ਨਿਗਾਹ ਰੱਖਦੈ ਬਰੂੰਹਾਂ ਤੇ,
'ਮੈਂ ਪਰਤਾਂਗਾ', ਕੋਈ ਉਸਨੂੰ ਕਦੇ ਇਹ ਕਹਿ ਗਿਆ ਹੋਣੈ।

•♣•

## (ਚੌਂਤੀ)

ਬਹਿਰ- ਮੁਜ਼ਾਰਿਆ ਮੁਸੱਮਨ ਅਖ਼ਰਬ
ਰੁਕਨ- ਮਫ਼ਊਲ ਫ਼ਾਇਲਾਤੁਨ ਮਫ਼ਊਲ ਫ਼ਾਇਲਾਤੁਨ
**SSI SISS SSI SISS**

ਜਿਗਰਾ ਉਦ੍ਹਾ ਹੈ ਤਕੜਾ, ਯਾਰਾਂ 'ਚ ਜੋ ਖਲੋ ਕੇ।
ਹੱਸਦਾ ਹੈ, ਸੀ ਨਾ ਕਰਦਾ, ਸੀਨੇ 'ਚ ਗ਼ਮ ਲੁਕੋ ਕੇ।

ਮਹਿਬੂਬ ਨੂੰ ਹਮੇਸ਼ਾ, ਤਰਲਾ ਕਰੇ ਮੁਹੱਬਤ,
ਜਾਵੀਂ ਨਾ ਦੂਰ ਮੈਥੋਂ, ਏਨਾ ਕਰੀਬ ਹੋ ਕੇ।

ਪੈਸੇ ਦੀ ਦੌੜ ਪਿੱਛੇ, ਮਸਰੂਫ਼ ਹੈ ਉਹ ਏਨਾ,
ਦੱਸੇ ਨਾ ਹਾਲ ਪੁੱਛੇ, ਦੋ ਚਾਰ ਪਲ ਖਲੋ ਕੇ।

ਫਿਰਦੈ ਤਲਾਸ਼ ਕਰਦਾ, ਹੁਣ ਫਿਰ ਉਹ ਰਿਸ਼ਤਿਆਂ ਦੀ,
ਮਾਯੂਸ ਹੈ ਜੋ ਹਰ ਇਕ, ਰਿਸ਼ਤੇ ਦਾ ਬੋਝ ਢੋ ਕੇ।

ਜਿਸ 'ਤੇ ਯਕੀਨ ਕਰ ਕੇ, ਦੱਸੇ ਮੈਂ ਰਾਜ਼ ਦਿਲ ਦੇ,
ਪਰਦਾ ਉਠਾ ਰਿਹੈ ਉਹ, ਮਹਿਫ਼ਿਲ ਦੇ ਵਿੱਚ ਖਲੋ ਕੇ।

ਅਹਿਸਾਸ ਹੈ ਜਿਨ੍ਹਾਂ ਨੂੰ, ਜ਼ਖ਼ਮਾਂ ਦੀ ਪੀੜ ਦਾ ਕੁਝ,
ਦਿੰਦੇ ਸਜ਼ਾ ਉਹੀ ਨੇ, ਨਸ਼ਤਰ ਚੁਭੋ ਚੁਭੋ ਕੇ।

ਏਡੇ ਜਹਾਨ ਵਿੱਚ ਤੂੰ, ਫਿਰਦਾ ਏਂ ਕਿਉਂ ਇਕੱਲਾ,
ਅਪਣਾ ਬਣਾ ਕਿਸੇ ਨੂੰ, ਬਹਿਜਾ ਕਿਸੇ ਦਾ ਹੋ ਕੇ।

ਦੁੱਖ, ਦਰਦ, ਜ਼ਖ਼ਮ, ਹਾਸੇ, ਕੀ ਮੇਲ, ਕੀ ਵਿਛੋੜਾ,
ਦਿੰਦੀ ਹੈ ਜ਼ਿੰਦਗਾਨੀ, ਫੁੱਲਾਂ ਤਰ੍ਹਾਂ ਪਰੋ ਕੇ।

ਹੱਥ ਪੈਰ ਮਾਰ ਮੈਨੂੰ, ਤਰਨਾ ਤਾਂ ਆ ਗਿਆ ਹੈ,
ਉਪਕਾਰ ਕਰ ਗਏ ਉਹ, ਕਿਸ਼ਤੀ ਮੇਰੀ ਡੁਬੋ ਕੇ।

ਮਨਹੂਸ ਆਖ ਉਸਨੂੰ, ਪਾ ਤੇਲ ਸਾੜ ਦਿੱਤੈ,
ਦਹਿਲੀਜ਼ ਤੋਂ ਲੰਘਾਇਆ, ਜਿਸਨੂੰ ਸੀ ਤੇਲ ਚੋ ਕੇ।

ਇਤਰਾਜ਼ ਕਰ ਨਾ 'ਮਹਿਰਮ', ਸਭ ਗੇੜ ਹੈ ਸਮੇਂ ਦਾ,
ਦਿੰਦਾ ਦਗ਼ਾ ਹੈ ਉਹ ਵੀ, ਮਿਲਦੈ ਗਲ਼ੇ ਜੋ ਰੋ ਕੇ।

•♣•

## (ਪੈਂਤੀ)

ਬਹਿਰ- ਮੁਜ਼ਾਰਿਆ ਮੁਸੱਮਨ ਅਖ਼ਰਬ
ਰੁਕਨ- ਮਫ਼ਊਲ ਫ਼ਾਇਲਾਤੁਨ ਮਫ਼ਊਲ ਫ਼ਾਇਲਾਤੁਨ
**SSI SISS SSI SISS**

ਹਰ ਸ਼ਹਿਰ ਹਰ ਨਗਰ ਵਿੱਚ, ਕਿੰਨੇ ਉਦਾਸ ਚਿਹਰੇ।
ਮਜ਼ਬੂਰੀਆਂ ਦੇ ਮਾਰੇ, ਫਿਰਦੇ ਨਿਰਾਸ ਚਿਹਰੇ।

ਕੀ ਗ਼ੈਰ ਦਾ ਭਰੋਸਾ, ਬਣਦੈ ਕਿਸੇ ਦਾ ਕਿਹੜਾ,
ਹੁੰਦੇ ਉਹ ਦੂਰ ਦਿਲ ਤੋਂ, ਰਹਿੰਦੇ ਜੋ ਪਾਸ ਚਿਹਰੇ।

ਪਰਦੇਸ ਜਾਣ ਵਾਲੇ, ਮਨਜ਼ੂਰ ਹੈ ਵਿਛੋੜਾ,
ਭੁੱਲੀਂ ਨਾ ਤੂੰ ਜੋ ਕਰਦੇ, ਹਿਰਦੇ ’ਚ ਵਾਸ ਚਿਹਰੇ।

ਰੱਖਦੇ ਜੋ ਮੈਲ ਦਿਲ ਵਿੱਚ, ਕਰਦੇ ਗ਼ਰੂਰ ਨੇ ਜੋ,
ਭੁੱਲ ਕੇ ਵੀ ਉਹ ਕਿਸੇ ਨੂੰ, ਆਉਂਦੇ ਨਾ ਰਾਸ ਚਿਹਰੇ।

ਜਦ ਵੀ ਨਕਾਬ ਉੱਤਰੇ, ਜਾਂ ਫਿਰ ਕਰੀਬ ਰਹਿ ਕੇ,
ਲੱਗਦੈ ਪਤਾ ਕਿ ਕਿੰਨੇ, ਲੋਕਾਂ ਦੇ ਪਾਸ ਚਿਹਰੇ।

ਪੈਂਦੀ ਜਦੋਂ ਜ਼ਰੂਰਤ, ਉਹ ਝਾੜ ਜਾਣ ਪੱਲਾ,
ਹੁੰਦੇ ਜੋ ਖ਼ਾਸ ਮਿੱਤਰ, ਹੁੰਦੇ ਜੋ ਖ਼ਾਸ ਚਿਹਰੇ।

ਦੰਗੇ ਫ਼ਸਾਦ ਕਰ ਕੇ, ਮਿਲਦਾ ਉਨ੍ਹਾਂ ਨੂੰ ਕੀ ਹੈ,
ਐਵੇਂ ਜਨੂਨ ਵਿੱਚ ਜੋ, ਕਰਦੇ ਖ਼ਲਾਸ ਚਿਹਰੇ।

ਸਭ ਨੂੰ ਜੋ ਆਖਦਾ ਹੈ , 'ਮੈਂ ਦਾਸ ਹਾਂ ਤੁਹਾਡਾ',
ਬੈਠੇ ਨੇ ਕੁਰਸੀਆਂ 'ਤੇ, ਉਸ ਦੇ ਹੀ ਦਾਸ ਚਿਹਰੇ।

ਰਿਸ਼ਤੇ ਤਾਂ ਖ਼ੂਨ ਦੇ ਨੇ, ਪਰ ਤਾਂਘ ਨਹੀਂ ਦਿਲਾਂ ਵਿੱਚ,
ਇਨਸਾਂ ਨਹੀਂ, ਘਰਾਂ ਵਿੱਚ ਕਰਦੇ ਨਿਵਾਸ ਚਿਹਰੇ।

ਅਰਸ਼ਾਂ ਨੂੰ ਛੂਣ੍ਹ ਓਹੀ, ਲਾਉਂਦੇ ਨੇ ਜੋ ਉਡਾਰੀ,
ਕਮਜ਼ੋਰ ਦਿਲ ਦੇ ਮਾਲਿਕ, ਬਹਿੰਦੇ ਨਿਰਾਸ ਚਿਹਰੇ।

ਚਿਹਰੇ ਬੁਝਾ ਰਹੇ ਨੇ, 'ਮਹਿਰਮ' ਪਿਆਸ ਮਨ ਦੀ,
ਤਾਂਹੀ ਜਗਾ ਕੇ ਮਨ ਵਿੱਚ, ਰੱਖਦੇ ਪਿਆਸ ਚਿਹਰੇ।

•♣•

## (ਛੱਤੀ)

ਬਹਿਰ- ਹਜ਼ਜ਼ ਮੁਸੱਮਨ ਸਾਲਿਮ
ਰੁਕਨ - ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ
**ISSS ISSS ISSS ISSS**

ਜ਼ਮਾਨੇ ਵਿੱਚ ਹਰਿਕ ਦੇ ਨਾਲ ਮਿਲਣਾ ਵਰਤਣਾ ਪੈਂਦੈ।
ਬੜਾ ਕੁਝ ਦੇਖਣਾ ਪੈਂਦਾ, ਬੜਾ ਕੁਝ ਸੋਚਣਾ ਪੈਂਦੈ।

ਸਮੇਂ ਦੇ ਨਾਲ ਬੰਦੇ ਨੂੰ ਵਤੀਰਾ ਬਦਲਣਾ ਪੈਂਦੈ।
ਕਿਸੇ ਨੂੰ ਸੋਧਣਾ ਪੈਂਦੈ, ਕਿਸੇ ਨੂੰ ਬਖ਼ਸ਼ਣਾ ਪੈਂਦੈ।

ਵਿਛੋੜਾ, ਮੇਲ, ਪਛਤਾਵਾ, ਕਦੇ ਗੁੱਸਾ, ਕਦੇ ਸ਼ਿਕਵਾ,
ਮੁਹੱਬਤ ਦੇ ਪੁਜਾਰੀ ਨੂੰ, ਹਮੇਸ਼ਾ ਝੱਲਣਾ ਪੈਂਦੈ।

ਅਜੇ ਤਕ ਲੋਕ ਨਈਂ ਸਮਝੇ , ਕੀ ਹੁੰਦੀ ਵੋਟ ਦੀ ਤਾਕਤ,
ਇਸੇ ਕਰਕੇ ਨਾ-ਸਮਝੀ ਦਾ, ਨਤੀਜ਼ਾ ਭੁਗਤਣਾ ਪੈਂਦੈ।

ਸਿਆਣੇ ਲੋਕ ਵੈਸੇ ਤਾਂ ਮਿਸਾਲਾਂ ਨਾਲ ਸਮਝਾਵਣ,
ਕਿਸੇ ਮੌਕੇ ਇਸ਼ਾਰੇ 'ਚੋਂ, ਰਮਜ਼ ਨੂੰ ਸਮਝਣਾ ਪੈਂਦੈ।

ਬੜਾ ਇਨਸਾਫ਼ ਕਰਦੇ ਨੇ ਉਹ ਕਾਤਿਲ ਤਕ ਬਰੀ ਕਰਕੇ,
ਤਦੇ ਨਿਰਦੋਸ਼ ਲੋਕਾਂ ਨੂੰ, ਸਜ਼ਾ ਨੂੰ ਭੁਗਤਣਾ ਪੈਂਦੈ।

ਮੁਹੱਬਤ ਇਹ ਨਹੀਂ, ਔਲਾਦ ਨੂੰ ਸਿਰ ਚਾੜ੍ਹ ਕੇ ਰੱਖੋ,
ਕੁਰਾਹੇ ਪੈ ਰਿਹਾ ਬੱਚਾ, ਕਦੇ ਤਾਂ ਝਿੜਕਣਾ ਪੈਂਦੈ।

ਸ਼ਖ਼ਰੇ ਵਾਪਸ ਹੀ ਆ ਜਾਵੇ, ਉਦ੍ਹੀ ਹਾਰੀ ਹੋਈ ਦੌਲਤ,
ਜੁਆਰੀ ਨੂੰ ਇਸੇ ਹੀ ਆਸ 'ਤੇ ਫਿਰ ਖੇਡਣਾ ਪੈਂਦੈ।

ਨਹੀਂ ਹੁੰਦਾ ਭਲਾ ਇਸ ਵਿਚ, 'ਭਲਾ' ਆਖੋ ਜੇ ਹਰ ਵੇਲੇ,
ਭਲੇ ਦੇ ਵਾਸਤੇ ਯਾਰੋ, 'ਬੁਰਾ' ਵੀ ਬੋਲਣਾ ਪੈਂਦੈ।

ਅਗਰ ਅਣਜਾਣ ਏਂ ਤਾਂ ਜਾਚ ਇਹ ਸਿੱਖ ਲੈ ਪਰਿੰਦੇ ਤੋਂ,
ਉਡਾਰੀ ਭਰਨ ਤੋਂ ਪਹਿਲਾਂ, ਪਰਾਂ ਨੂੰ ਤੋਲਣਾ ਪੈਂਦੈ।

ਨਹੀਂ ਬਣਦਾ ਕਦੇ ਮੰਜ਼ਿਲ, ਚੁਰਸਤੇ ਦਾ ਹਰਿਕ ਰਸਤਾ,
ਕਿਸੇ ਤੋਂ ਪਰਤਣਾ ਪੈਂਦੈ, ਕਿਸੇ ਤੇ ਭਟਕਣਾ ਪੈਂਦੈ।

ਨਾ ਛਾਲਾਂ ਮਾਰ ਤੂੰ 'ਮਹਿਰਮ', ਤਸੱਲੀ ਨਾਲ ਚੜ੍ਹ ਪੌੜੀ,
ਕਦਮ ਉਖੜੇ ਤਾਂ ਹੇਠਾਂ ਵੀ, ਸਿਖ਼ਰ ਤੋਂ ਡਿੱਗਣਾ ਪੈਂਦੈ।

•♣•

## (ਸੈਂਤੀ)

ਬਹਿਰ- ਹਜ਼ਜ਼ ਮੁਸੱਮਨ ਸਾਲਿਮ
ਰੁਕਨ - ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ
**ISSS ISSS ISSS ISSS**

ਮੇਰੇ ਸੰਗ ਤਾਂ ਹਮੇਸ਼ਾ ਹੀ ਅਜੇਹਾ ਹਾਦਸਾ ਹੋਇਆ।
ਜਿਨ੍ਹਾਂ ਤੋਂ ਨੇੜਤਾ ਚਾਹੀ ਉਨ੍ਹਾਂ ਤੋਂ ਫ਼ਾਸਲਾ ਹੋਇਆ।

ਉਹ ਛਿਪ ਕੇ ਬਹਿ ਗਿਆ ਕਿੱਥੇ, ਭੁਲਾ ਕੇ ਸਾਂਝ ਦੇ ਰਿਸ਼ਤੇ,
ਨਹੀਂ ਦਿਸਿਆ ਕਿਤੇ ਫਿਰਦਾ, ਨਾ ਮੁੜਕੇ ਰਾਬਤਾ ਹੋਇਆ।

ਕਰੇ ਉਹ ਖੋਖਲਾ ਦਾਅਵਾ ਮੁਹੱਬਤ ਦਾ ਕਿਵੇਂ, ਜਿਸ ਤੋਂ,
ਨਾ ਛੂਹ ਹੀ ਆਤਮਾ ਹੋਈ , ਨਾ ਦਿਲ ਵਿਚ ਦਾਖ਼ਲਾ ਹੋਇਆ।

ਅਜਬ ਰਿਸ਼ਤਾ ਬਣਾ ਕੇ ਬਹਿ ਗਿਆ ਕਿਸ ਮੋੜ ’ਤੇ ਆਸ਼ਕ,
ਨਾ ਖ਼ੁਦ ਜੋਗਾ ਰਿਹਾ ਬਾਕੀ, ਨਾ ਪੂਰਾ ਓਸਦਾ ਹੋਇਆ।

ਮਨਾਂ ਦਾ ਬੋਝ ਵੀ ਲੱਥਾ, ਗਿਲੇ ਸ਼ਿਕਵੇ ਮਿਟੇ ਸਾਰੇ,
ਉਨ੍ਹਾਂ ਦੇ ਨਾਲ ਸ਼ੀਸ਼ੇ ਵਾਂਗ, ਜਦ ਵੀ ਸਾਹਮਣਾ ਹੋਇਆ।

ਤੁਰੇ ਮਿਲ ਕੇ ਨਹੀਂ ਜਿਹੜੇ, ਕਦਮ ਇੱਕ ਵੀ ਅਜੇ ਤਾਈਂ,
ਉਹ ਖ਼ੁਦ ਨੂੰ ਹਮਸਫ਼ਰ ਆਖਣ, ਭਲਾ ਕੀ ਮਾਜਰਾ ਹੋਇਆ!

ਬਹਾਨੇ ਲਾਉਣ ਦੀ ਆਦਤ ਬਣੀ ਉਸਦੀ ਇਵੇਂ, ਕਿਉਂਕਿ,
ਨਿਭਾਵੇ ਯਾਰੀਆਂ-ਵਾਦ੍ਹੇ, ਨਾ ਉਸ ਤੋਂ ਹੌਸਲਾ ਹੋਇਆ।

ਸਵੇਰੇ ਦਾ ਘਰੋਂ ਤੁਰਿਆ ਨਾ ਮੁੜਿਆ ਰਾਤ ਵੀ ਰਾਹੀ,
ਹਨੇਰਾ ਖਾ ਗਿਆ ਉਸਨੂੰ, ਜਦੋਂ ਤੱਕ ਚਾਨਣਾ ਹੋਇਆ।

ਕਹੋ ਅਪਣੀ, ਸੁਣੋ ਮੇਰੀ, ਬੁਰਾ ਆਖੋ, ਭਲਾ ਆਖੋ,
ਜੁਦਾ ਰਹਿ ਕੇ ਨਾ ਝਗੜੇ ਦਾ, ਕਦੇ ਵੀ ਫ਼ੈਸਲਾ ਹੋਇਆ।

ਲਗਨ ਉਸਦੀ ਤੋਂ ਲੱਗਦਾ ਹੈ ਉਹ ਮੰਜ਼ਿਲ ਤੱਕ ਤੁਰੂ ਡਟ ਕੇ,
ਵਧੇਗਾ ਜੋਸ਼ ਹੀ ਉਸਦਾ, ਕਠਿਨ ਜੇ ਰਾਸਤਾ ਹੋਇਆ।

ਤਿਰੇ ਮਗਰੋਂ ਮੈਂ ਕਿਸ ਦੇ ਨਾਲ ਕਰਦਾ ਦਿਲ ਦੀਆਂ ਗੱਲਾਂ,
ਗ਼ਜ਼ਲ ਨੇ ਬਾਂਹ ਫੜੀ 'ਮਹਿਰਮ' ਤਾਂ ਫਿਰ ਕੁਝ ਆਸਰਾ ਹੋਇਆ।

•♣•

## (ਅਠੱਤੀ)

ਬਹਿਰ- ਮੁਤਦਾਰਿਕ
ਰੁਕਨ- ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ
SS SS SS SS SS SS SS

ਦਿਲ ਤਾਂ ਮੰਗੇ ਇਸ਼ਕ 'ਚ ਖੁਸ਼ੀਆਂ-ਖੇੜੇ ਸੋਨ-ਸਵੇਰੇ।
ਦਿੰਦੈ ਵਕਤ ਹਮੇਸ਼ਾ ਘੋਰ-ਤਸੀਹੇ ਘੁੱਪ-ਹਨੇਰੇ।

ਬੇਬਸ ਹੋ ਕੇ 'ਹੀਰ' ਜਦੋਂ ਵੀ 'ਰੰਗਪੁਰ' ਜਾ ਕੇ ਬੈਠੂ,
ਸ਼ਾਂਤ ਨਹੀਂ ਕਰ ਸਕਣਗੇ 'ਰਾਂਝੇ' ਨੂੰ 'ਗੋਰਖ' ਦੇ ਡੇਰੇ।

ਏਨਾ ਆਖ ਮਰੀ ਪਛਤਾਕੇ, ਥਲ ਵਿੱਚ ਸੜਦੀ 'ਸੱਸੀ',
ਲੱਗੀ ਵਾਲੇ ਸੌਣ ਜਦੋਂ ਵੀ, ਓਦੋਂ ਪੈਣ ਲੁਟੇਰੇ।

ਪੇਕੇ ਘਰ ਤੋਂ ਬੇਟੀ ਏਦਾਂ ਤੁਰਦੀ ਭਰ ਕੇ ਅੱਖਾਂ,
ਡਾਰੋਂ ਵਿਛੜੀ ਕੂੰਜ ਜਿਵੇਂ ਕੁਰਲਾਵੇ, ਹੰਝੂ ਕੇਰੇ।

ਆ ਮੈਂ ਤੈਨੂੰ ਉਸ ਦੇ ਅੱਗੇ ਝੁਕਦੇ ਸੀਸ ਦਿਖਾਵਾਂ,
ਕਲ੍ਹ ਜਿਸ ਦੀ ਪਿੱਠ ਪਿੱਛੇ ਲੋਕਾਂ ਨੇ ਸੀ ਬੁੱਲ੍ਹ ਅਟੇਰੇ।

ਦੇਖਣ ਨੂੰ ਤਾਂ ਹਰ ਇੱਕ ਬੰਦਾ ਖ਼ੁਸ਼ ਹੀ ਜਾਪੇ ਲੇਕਿਨ,
ਦਿਲ ਵਿੱਚ ਉਸਨੇ ਰੱਖੇ ਹੁੰਦੇ ਦੱਬ ਕੇ ਦੁੱਖ ਬਥੇਰੇ।

ਤੈਨੂੰ ਮੇਰੇ ਨਾਲ ਰਹੀ ਨਾ ਪਿਆਰ ਮੁਹੱਬਤ, ਨਫ਼ਰਤ,
ਪਰ ਮੈਨੂੰ ਤਾਂ ਆਉਂਦੇ ਰਹਿੰਦੇ ਹੁਣ ਵੀ ਸੁਫਨੇ ਤੇਰੇ।

ਤੈਨੂੰ ਕਾਹਤੋਂ ਅਪਨੀ ਦੁਨੀਆਂ ਲੱਗਦੀ ਸਿਮਟੀ ਸਿਮਟੀ,
ਤੇਰੀ ਮੇਰੀ ਚਰਚਾ ਹੁੰਦੀ ਰਹਿੰਦੀ ਚਾਰ ਚੁਫੇਰੇ।

ਪਰਦੇਸੀ ਮਾਹੀ ਨੇ ਖ਼ਬਰੇ ਕਿਸ ਦਿਨ ਮੁੜਨੈ ਘਰ ਨੂੰ,
ਐਵੇਂ ਕਾਂ ਕਾਂ ਲਾਈ ਰੱਖਦੈ, ਨਿੱਤ ਹੀ ਕਾਗ ਬਨੇਰੇ।

ਦਿਲ ਭੈੜਾ ਹਮਦਰਦਾਂ ਅੱਗੇ ਫਿੱਸ ਪੈਂਦਾ ਕਿਉਂ 'ਮਹਿਰਮ',
ਉਲਫ਼ਤ ਵਿੱਚ ਤਾਂ ਰੱਖਣੇ ਪੈਂਦੇ ਪਰਬਤ ਵਰਗੇ ਜੇਰੇ।

## (ਉਨਤਾਲੀ)

ਬਹਿਰ – ਮੁਤਦਾਰਿਕ
ਰੁਕਨ – ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁ
**SS SS SS SS SS SS SI**

ਉੱਚੀ ਥਾਂ 'ਤੇ ਖੜ੍ਹ ਕੇ ਜਦ ਵੀ ਸਮਝੇ ਉੱਚੀ ਸ਼ਾਨ।
ਓਦੋਂ ਹੀ ਹੰਕਾਰ 'ਚ ਧੋਖਾ ਖਾ ਬਹਿੰਦਾ ਇਨਸਾਨ।

ਅਪਣੇ ਚਿਹਰੇ ਉੱਪਰ ਪਾ ਕੇ ਰੱਖਦੇ ਲੋਕ ਨਕਾਬ,
ਕਿਸ ਦੇ ਦਿਲ ਵਿੱਚ ਕੀ ਹੈ, ਬੰਦਾ ਕੀ ਲਾਵੇ ਅਨੁਮਾਨ।

ਦੂਜੇ ਦਾ ਸਤਿਕਾਰ ਕਰਨ ਦੀ ਉਹ ਨਹੀਂ ਰੱਖਦਾ ਸੂਝ,
ਜਾਣ ਗਏ ਨੇ ਉਸਦੀ ਮਹਿਫ਼ਿਲ ਦੇ ਸਾਰੇ ਮਹਿਮਾਨ।

ਲੋਕ ਵਿਚਾਰੇ ਬੁਣਦੇ ਰਹਿੰਦੇ ਰੋਜ਼ ਸੁਨਹਿਰੇ ਖ਼ਾਬ,
ਹਾਕਮ ਜਾਰੀ ਕਰਦਾ ਰਹਿੰਦੈ ਦਿਲ-ਢਾਹੂ ਫ਼ੁਰਮਾਨ।

ਖੇਲ੍ਹ ਰਿਹੈ ਜਾਂ ਖੇਲ੍ਹ ਗਿਆ ਹੈ, ਉਹ ਕੋਈ ਤਕੜਾ ਖੇਲ੍ਹ,
ਜਿਸ ਦੇ ਬੁੱਲਾਂ ਉੱਪਰ ਤਰਦੀ ਹੈ ਕਾਤਿਲ ਮੁਸਕਾਨ।

ਮਜਬੂਰੀ ਵੱਸ ਜੁੜਿਆ ਲੱਗਦੈ ਇਸ ਜੋੜੇ ਦਾ ਜੋੜ,
'ਲੂਣਾ' ਸਿਖ਼ਰ ਦੁਪਹਿਰ ਜਿਹੀ, ਹੈ ਢਲਦਾ ਦਿਨ 'ਸਲਵਾਨ'।

ਉਸਦੀ ਖ਼ਾਤਿਰ ਮਿਟ ਜਾ, ਬੇਸ਼ੱਕ ਅਪਣੇ ਆਪ ਨੂੰ ਵੇਚ,
ਬੇਕਦਰੇ ਨੇ ਚੇਤੇ ਰੱਖਣੇ ਨਹੀਂ ਤੇਰੇ ਅਹਿਸਾਨ।

ਦੇਖ ਪੁਜਾਰੀ ਅੱਗੇ 'ਉਹ' ਵੀ ਹੈ ਕਿੰਨਾ ਮਜਬੂਰ,
ਰਿਸ਼ਵਤ ਬਦਲੇ ਦਰਸ਼ਨ ਦੇਵੇ ਭਗਤਾਂ ਨੂੰ ਭਗਵਾਨ।

ਤੂੰ ਵੀ ਜੇਕਰ ਉੱਠਦਾ ਬਹਿੰਦਾ 'ਮਹਿਰਮ' ਗੁੱਟਾਂ ਵਿੱਚ,
ਹੁਣ ਤੱਕ ਤੇਰੀ ਹੋ ਜਾਣੀ ਸੀ ਹਰ ਪਾਸੇ ਪਹਿਚਾਨ।

•♣•

## (ਚਾਲੀ)

ਬਹਿਰ- ਰਜ਼ਜ਼ ਮੁਸੱਮਨ ਸਾਲਿਮ
ਰੁਕਨ- ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ ਮੁਸਤਫ਼ਇਲੁਨ
**SSIS SSIS SSIS SSIS**

ਅਪਣਾ ਗਿਲਾ, ਉਸਦੀ ਖ਼ਤਾ, ਭੁੱਲ ਜਾਣ ਦੀ ਕੋਸ਼ਿਸ਼ ਕਰੀਂ।
ਖ਼ੁਦ ਨੂੰ ਦਿਲਾ, ਕੁਝ ਇਸ ਤਰ੍ਹਾਂ, ਸਮਝਾਣ ਦੀ ਕੋਸ਼ਿਸ਼ ਕਰੀਂ।

ਉਸਦੀ ਵਫ਼ਾ ਨੂੰ ਹੋਰ ਨਾ, ਅਜ਼ਮਾਣ ਦੀ ਕੋਸ਼ਿਸ਼ ਕਰੀਂ।
ਰੋਸੇ ਮਿਟਾ ਕੇ ਯਾਰ ਨੂੰ, ਗਲ਼ ਲਾਣ ਦੀ ਕੋਸ਼ਿਸ਼ ਕਰੀਂ।

ਪੱਕਾ ਠਿਕਾਣਾ ਵੀ ਬਣਾ ਬੇਸ਼ੱਕ ਬਿਗਾਨੇ ਦੇਸ਼ ਵਿੱਚ,
ਫਿਰ ਵੀ ਕਦੇ ਪਰਦੇਸੀਆ, ਮੁੜ ਆਣ ਦੀ ਕੋਸ਼ਿਸ਼ ਕਰੀਂ।

ਅਪਣੇ ਗ਼ਮਾਂ ਨੂੰ, ਸੋਗ ਨੂੰ, ਦਿਲ ਵਿੱਚ ਛੁਪਾ ਕੇ ਵੀ ਕਦੇ,
ਸਭ ਦੀ ਖ਼ੁਸ਼ੀ ਦੇ ਵਾਸਤੇ ਮੁਸਕਾਣ ਦੀ ਕੋਸ਼ਿਸ਼ ਕਰੀਂ।

ਦੇਖੀਂ ਕਿਤੇ ਨਾ ਦੂਰ ਹੀ ਰੁੱਸ ਕੇ ਚਲਾ ਜਾਵੀਂ ਘਰੋਂ,
ਸਭ ਕੁਛ ਭੁਲਾਕੇ ਸ਼ਾਮ ਤੱਕ ਘਰ ਆਣ ਦੀ ਕੋਸ਼ਿਸ਼ ਕਰੀਂ।

ਐਵੇਂ ਸਹਾਰੇ ਵਾਸਤੇ ਤਿਣਕੇ ਰਹੀਂ ਨਾ ਭਾਲਦਾ,
ਹਿੰਮਤ ਕਰੀਂ ਪਰਲੇ ਕਿਨਾਰੇ ਜਾਣ ਦੀ ਕੋਸ਼ਿਸ਼ ਕਰੀਂ।

ਜਿਗਰਾ ਕਰੀਂ, ਮਿਹਨਤ ਕਰੀਂ, ਚੰਗੇ ਦਿਨਾਂ ਦੀ ਆਸ ਵਿਚ,
ਮਾੜੇ ਦਿਨਾਂ ਦੀ ਯਾਦ ਨੂੰ ਭੁੱਲ ਜਾਣ ਦੀ ਕੋਸ਼ਿਸ਼ ਕਰੀਂ।

ਬੱਚਾ ਜਦੋਂ ਵੀ ਆਪਣਾ, ਭੁੱਲ ਕੇ ਕੁਰਾਹੇ ਜਾ ਪਵੇ,
ਲਾਗੇ ਬਿਠਾ ਕੇ ਓਸਨੂੰ ਸਮਝਾਣ ਦੀ ਕੋਸ਼ਿਸ਼ ਕਰੀਂ।

ਲਾਉਂਦਾ ਰਿਹਾ ਏ, ਲਾਏਗਾ, ਤੈਨੂੰ ਜ਼ਮਾਨਾ ਫੱਟ ਬੜੇ,
ਪਰ ਤੂੰ ਕਿਸੇ ਦੇ ਜ਼ਖ਼ਮ ਨੂੰ ਸਹਿਲਾਣ ਦੀ ਕੋਸ਼ਿਸ਼ ਕਰੀਂ।

ਬੰਦਾ ਜਦੋਂ ਵੀ ਮਾਰਿਆ ਹੰਕਾਰ ਨੇ ਹੀ ਮਾਰਿਆ,
ਅਪਣੀ ਖ਼ੁਦੀ ਦੇ ਨਾਲ ਤੂੰ ਟਕਰਾਣ ਦੀ ਕੋਸ਼ਿਸ਼ ਕਰੀਂ।

ਵਾਦਾ ਕਰੀਂ ਨਾ ਤੂੰ ਕਦੇ, ਟੁਟਦੈ ਤਾਂ ਲਗਦਾ ਹੈ ਬੁਰਾ,
ਤੇਰਾ ਜਦੋਂ ਵੀ ਦਿਲ ਕਰੇ, ਬਸ ਆਣ ਦੀ ਕੋਸ਼ਿਸ਼ ਕਰੀਂ।

ਵੈਸੇ ਕਿਸੇ ਦੇ ਨਾਲ ਵੀ ਹੋਵੇ ਬੁਰਾ ਨਾ 'ਮਹਿਰਮਾ',
ਹੋਵੇ ਅਗਰ ਤੈਥੋਂ ਬੁਰਾ, ਪਛਤਾਣ ਦੀ ਕੋਸ਼ਿਸ਼ ਕਰੀਂ।

•♣•

## (ਇਕਤਾਲੀ)

ਬਹਿਰ- ਹਜ਼ਜ਼ ਮੁਸੱਮਨ ਸਾਲਿਮ
ਰੁਕਨ - ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ
**ISSS ISSS ISSS ISSS**

ਜ਼ਰੂਰੀ ਤਾਂ ਨਹੀਂ ਆਵੇ ਨਜ਼ਰ ਕੁਝ ਹਾਦਸੇ ਵਰਗਾ।
ਬੜਾ ਕੁਝ ਦਿਲ 'ਚ ਰੱਖਦੇ ਹਾਂ ਛੁਪਾ ਕੇ ਜ਼ਲਜ਼ਲੇ ਵਰਗਾ।

ਚਮਕ ਚਿਹਰੇ ਤੇ ਹੁੰਦੀ ਏ ਖੁਸ਼ੀ ਵੇਲੇ ਸੁਬਹ ਵਰਗੀ,
ਗ਼ਮੀ ਹੋਵੇ ਤਾਂ ਇਸਦਾ ਹਾਲ ਹੁੰਦੈ ਦਿਨ ਢਲੇ ਵਰਗਾ।

ਸਮਾਂ ਤਾਂ ਕੱਟ ਲੈਂਦੈ ਆਦਮੀ ਸਭ ਨਾਲ ਪਰ ਫਿਰ ਵੀ,
ਉਹ ਸਾਥੀ ਭਾਲਦਾ ਰਹਿੰਦੈ ਸਦਾ ਹੀ ਆਪਣੇ ਵਰਗਾ।

ਤੁਰਾਂਗੇ ਸਾਥ ਰਲ ਮਿਲ ਕੇ, ਕਸਮ ਉਹ ਖਾਣਗੇ, ਲੇਕਿਨ,
ਉਨ੍ਹਾਂ ਦੇ ਦਿਲ 'ਚ ਛੁਪਿਆ ਹੈ ਬੜਾ ਕੁਝ ਫ਼ਾਸਲੇ ਵਰਗਾ।

ਨਾ ਐਸਾ ਮਸ਼ਵਰਾ ਦੇਵੋ ਜੋ ਦਿਲ ਨੂੰ ਤੋੜ ਹੀ ਦੇਵੇ,
ਅਜੇਹਾ ਮਸ਼ਵਰਾ ਦੇਵੋ, ਜੋ ਹੋਵੇ ਹੌਸਲੇ ਵਰਗਾ।

ਉਨ੍ਹਾਂ ਦੀ ਪਹੁੰਚ ਤੋਂ ਮੰਜ਼ਿਲ ਕਦੇ ਵੀ ਦੂਰ ਨਹੀਂ ਰਹਿੰਦੀ,
ਜਿਨ੍ਹਾਂ ਦਾ ਜੋਸ਼ ਹੋਵੇ ਢੋਲ 'ਤੇ ਲੱਗੇ ਡਗੇ ਵਰਗਾ।

ਕੁਰਾਹੇ ਪੈ ਗਿਆ ਜੋ, ਹੁਣ ਇਸ਼ਾਰੇ ਕੀ ਭਲਾ ਸਮਝੂ,
ਨਸੀਹਤ ਦਾ ਰਿਹਾ ਉਸ ਤੇ ਅਸਰ ਚਿਕਨੇ ਘੜੇ ਵਰਗਾ।

ਜਿਦ੍ਹੇ 'ਤੇ ਮਾਣ ਹੈ, ਹੱਕ ਹੈ, ਮੁਹੱਬਤ ਹੈ, ਮੁਨਾਸਿਬ ਹੈ-
ਕਦੇ ਮੈਂ ਬੋਲ ਵੀ ਬੋਲਾਂ ਉਨ੍ਹੂੰ ਗੁੱਸੇ ਗਿਲੇ ਵਰਗਾ।

ਕਿਵੇਂ ਉਪਕਾਰ ਕਰ ਸਕਦੈ, ਦੁਬਾਰਾ ਉਸ ਜਗਹ ਕੋਈ,
ਜਰੂਰਤ ਪੈਣ ਤੇ ਜਿੱਥੋਂ, ਜਵਾਬ ਆਵੇ ਟਕੇ ਵਰਗਾ।

ਕਰੀਂ ਉਸਦਾ ਭਲਾ ਰੱਬਾ, ਮੇਰੇ ਦਿਲ 'ਚੋਂ ਦੁਆ ਨਿਕਲੀ,
ਉਹ ਕਰਦਾ ਹੈ ਬੁਰਾ ਬੇਸ਼ੱਕ, ਬੁਰਾ ਕਰਦੈ ਭਲੇ ਵਰਗਾ।

ਪੁਜਾਰੀ ਪਿਆਰ ਦਾ ਬਣਕੇ, ਮੁਨਾਫ਼ਾ ਭਾਲਦੈ ਇਸ 'ਚੋਂ,
ਨਹੀਂ ਇਹ ਮਾਮਲਾ ਉਸਦਾ, ਦਿਲਾਂ ਦੇ ਮਾਮਲੇ ਵਰਗਾ।

ਕਿਸੇ ਨੂੰ ਖ਼ੂਨ ਦਾ ਰਿਸ਼ਤਾ ਵੀ ਕਦ ਤੱਕ ਜੋੜ ਕੇ ਰੱਖੂ,
ਹਮੇਸ਼ਾ ਹੀ ਰਹੇ ਜਿਸਦਾ ਵਤੀਰਾ ਓਪਰੇ ਵਰਗਾ।

ਛੁਪਾ ਕੇ ਗ਼ਮ, ਖੁਸ਼ੀ ਵੰਡੇ, ਖ਼ਤਾ ਬਦਲੇ ਵਫ਼ਾ ਪਾਲੇ,
ਮਿਲੇ ਜਦ ਵੀ, ਮੇਰਾ ਮਹਿਰਮ, ਮਿਲੇ 'ਮਹਿਰਮ' ਤੇਰੇ ਵਰਗਾ।

•♣•

## (ਬਤਾਲੀ)

ਬਹਿਰ- ਮੁਤਦਾਰਿਕ
ਰੁਕਨ- ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁ
**SS SS SS SS SS SS SI**

ਬੇਸ਼ੱਕ ਉਸਦੇ ਜੀਵਨ ਵਿਚ ਨਾ ਗ਼ਮ ਦਾ ਕੋਈ ਹਿਸਾਬ।
ਫਿਰ ਵੀ ਬੰਦਾ ਬੁਣਦਾ ਰਹਿੰਦੈ ਰੋਜ਼ ਸੁਨਹਿਰੇ ਖਾਬ।

ਮੈਂ ਤਾਂ ਉਸਨੂੰ ਕਰਾਂ ਸਲਾਮਾਂ ਜਦ ਵੀ ਹੋਵੇ ਮੇਲ,
ਜੁੰਬਸ਼ ਦੇ ਕੇ ਸਿਰ ਨੂੰ ਉਹ ਪਰ, ਲੰਘੇ ਵਾਂਗ ਨਵਾਬ।

ਦਿਲਬਰ ਸਾਹਵੇਂ ਰੋਸ ਵਜੋਂ ਵੀ ਖੁੱਲਦੀ ਨਹੀਂ ਜੁਬਾਨ,
ਦੂਰ ਵਸੇ ਤਾਂ ਹੰਝੂ ਬਣ ਬਣ ਲੈ ਆਉਂਦੀ ਸੈਲਾਬ।

ਬਿਨ ਪੀਤੇ ਮਦਹੋਸ਼ ਰਹਾਂ ਮੈਂ, ਮਸਤੀ ਵਿਚ ਮਸਰੂਰ,
ਰਾਂਝਣ ਅੱਖਾਂ ਰਾਹੀ ਦਿਲ ਵਿੱਚ ਉੱਤਰੇ ਵਾਂਗ ਸ਼ਰਾਬ।

ਹਰਫ਼ ਮੁਹੱਬਤ ਦਾ ਕੀ ਪੜ੍ਹਿਆ, ਭੁੱਲ ਗਈਆਂ ਸਭ ਲਿਖਤਾਂ,
ਅੱਖਾਂ ਸਾਹਵੇਂ ਆ ਬਹਿੰਦੈ, ਉਹ ਬਣਕੇ ਖੁੱਲ੍ਹੀ ਕਿਤਾਬ।

ਇਕ ਦਿਨ ਦਿਲ ਨੇ ਨਿਉਂ ਕੇ ਪੁੱਛਿਆ,'ਖ਼ਿਦਮਤ ਕੋਈ ਫੁਰਮਾਓ'
'ਰਹਿਣ ਦਿਓ ਇਸ ਦਿਲ ਵਿਚ ਵਾਸਾ', ਹੱਸ ਕੇ ਕਿਹਾ ਜਨਾਬ।

ਲੱਗੀ ਵਾਲੇ ਰਹਿਣ ਲਗਨ ਵਿੱਚ, 'ਮਹਿਰਮ' ਮਾਨਣ ਮੌਜ,
'ਉਸਦੀ' ਬੇਪਰਵਾਹੀ ਬਾਰੇ, ਮੰਗਦੇ ਨਹੀਂ ਜਵਾਬ।

•♣•

## (ੜ੍ਰਤਾਲੀ)

ਬਹਿਰ- ਰਮਲ ਮੁਸੱਮਨ ਮਹਿਜ਼ੂਫ਼
ਰੁਕਨ- ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲੁਨ

**SISS SISS SISS SIS**

ਭਟਕਣਾ ਦਾ, ਤੜਫਣਾ ਦਾ ਸਿਲਸਿਲਾ ਕੁਝ ਵੀ ਨਹੀਂ।
ਜ਼ਿੰਦਗੀ ਦੀ ਤੋਰ ਚੋਂ ਜੇ ਸਮਝਣਾ ਕੁਝ ਵੀ ਨਹੀਂ।

ਝੂਠ ਕਹਿੰਦੈ, ਆਖਦਾ ਜੋ, ਇਸ਼ਕ ਹੁੰਦੈ ਸੋਚ ਕੇ,
ਇਸ਼ਕ ਵਿੱਚ ਹੀ ਤਾਂ ਕੋਈ ਵੀ ਸੋਚਦਾ ਕੁਝ ਵੀ ਨਹੀਂ।

ਯਾਰ ਨੇ ਬਣ ਕੇ ਦਿਖਾਇਆ ਗ਼ੈਰ ਤੋਂ ਵੱਧ ਓਪਰਾ,
ਉਸ ਜਗ੍ਹਾ ਕੀ ਜ਼ੋਰ, ਜਿੱਥੇ ਆਪਣਾ ਕੁਝ ਵੀ ਨਹੀਂ।

ਦੂਰ ਜਾ ਕੇ ਉਹ ਬੜਾ ਹੀ ਯਾਦ ਆਇਆ ਹਰ ਸਮੇਂ,
ਭਰਮ ਸੀ, ਹੋਇਐ ਜੁਦਾ, ਹੋਇਆ ਜੁਦਾ ਕੁਝ ਵੀ ਨਹੀਂ।

ਹਰ ਸਮੇਂ ਤੂੰ ਤੜਫਦਾ ਰਹਿੰਨੈਂ ਭਲਾ ਕਿਸ ਵਾਸਤੇ,
ਜੇ ਕਿਸੇ ਦੇ ਨਾਲ ਤੇਰਾ ਵਾਸਤਾ ਕੁਝ ਵੀ ਨਹੀਂ।

ਪਿਆਰ ਵਿੱਚ ਨਾਰਾਜ਼ ਹੋ ਕੇ ਮਿਲਦੀ ਹੈ ਖ਼ੁਦ ਨੂੰ ਸਜ਼ਾ,
ਪਰ ਗਿਲੇ ਸ਼ਿਕਵੇ ਬਿਨਾਂ ਇਸ ਵਿੱਚ ਮਜ਼ਾ ਕੁਝ ਵੀ ਨਹੀਂ।

ਸੌਂ ਗਿਆ ਨਾ ਸਮਝ ਪਹਿਰੇਦਾਰ, ਉਹ ਹੁਸ਼ਿਆਰ ਹੈ,
ਹਰ ਤਰਫ਼ ਰੱਖਦੈ ਨਜ਼ਰ, ਬੱਸ ਆਖਦਾ ਕੁਝ ਵੀ ਨਹੀਂ।

ਕੀ ਪਤਾ ਪੱਲੜਾ ਝੁਕੇਗਾ ਕਿਸ ਤਰਫ਼ ਇਨਸਾਫ਼ ਦਾ,
ਜਾਣਕੇ ਸਭ ਕੁਝ ਗਵਾਹ ਜਦ ਬੋਲਦਾ ਕੁਝ ਵੀ ਨਹੀਂ।

ਸ਼ਹਿਰ ਦਾ ਹਰ ਸ਼ਖਸ ਚਾਹੁੰਦੈ ਸ਼ਹਿਰ ਵਿੱਚ ਅਪਣੀ ਹਵਾ,
ਸ਼ਹਿਰ ਦੀ ਹੈ ਕੀ ਹਵਾ, ਉਹ ਜਾਣਦਾ ਕੁਝ ਵੀ ਨਹੀਂ।

ਮਾਣ ਕਰਕੇ ਅਕਲ ਦਾ, ਆਖੇ ਸਹੀ ਨੂੰ ਵੀ ਗ਼ਲਤ,
ਸੋਚਦੈ, ਸਭ ਕੁਝ ਪਤਾ ਹੈ, ਪਰ ਪਤਾ ਕੁਝ ਵੀ ਨਹੀਂ।

ਇਸ ਨਗਰ ਚੋਂ ਤੂੰ ਅਜੇ ਇਨਸਾਫ਼ ਦੀ ਨਾ ਆਸ ਕਰ,
ਕੈਦ ਹੈ ਨਿਰਦੋਸ਼, ਕਾਤਿਲ ਨੂੰ ਸਜ਼ਾ ਕੁਝ ਵੀ ਨਹੀਂ।

ਵਕਤ ਆਖੇ ਹਰ ਜਗ੍ਹਾ ਬਦਲਾਵ ਦੀ ਕੁਝ ਲੋੜ ਹੈ,
ਸਮਝਦੈ ਇਨਸਾਨ ਪਰ ਹੱਲ ਸੋਚਦਾ ਕੁਝ ਵੀ ਨਹੀਂ।

•♣•

## (ਚੌਤਾਲੀ)

ਬਹਿਰ- ਮੁਤਦਾਰਿਕ
ਰੁਕਨ- ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ
SS SS SS SS SS SS SS SS

ਇਸ਼ਕ ਜਦੋਂ ਵੀ ਹੋ ਜਾਂਦਾ ਹੈ, ਏਦਾਂ ਹੋਸ਼ ਭੁਲਾ ਦਿੰਦਾ ਹੈ।
ਜਿਉਂ ਪਰਵਾਨਾ ਸ਼ਮ੍ਹਾਂ 'ਤੇ ਮਰ ਕੇ ਅਪਣਾ ਆਪ ਮਿਟਾ ਦਿੰਦਾ ਹੈ।

ਜਦ ਵੀ ਉੱਠਦੈ ਦਰਦ ਵਿਛੋੜੇ ਵਾਲਾ, ਜਾਨ ਸੁਕਾ ਦਿੰਦਾ ਹੈ।
ਲੇਕਿਨ ਤੇਰੇ ਆਉਣ ਦਾ ਲਾਰਾ ਜੀਣ ਦੀ ਤਾਂਘ ਵਧਾ ਦਿੰਦਾ ਹੈ।

ਕਸਮਾਂ ਖਾ ਕੇ, ਵਾਅਦੇ ਕਰਕੇ ਵੀ ਔਕਾਤ ਦਿਖਾ ਦਿੰਦਾ ਹੈ।
ਬੇਕਦਰਾ ਇਨਸਾਨ ਹਮੇਸ਼ਾ ਸਭ ਅਹਿਸਾਨ ਭੁਲਾ ਦਿੰਦਾ ਹੈ।

ਯਾਰਾਂ ਦੀ ਜੋ ਭੀੜ ਬੜੀ ਹੈ, ਭੀੜ ਬਣੀ ਤੇ ਪਰਖ ਲਵਾਂਗੇ,
ਕਿਹੜਾ ਯਾਰ ਹਿਤੈਸ਼ੀ ਬਣਦੈ, ਕਿਹੜਾ ਯਾਰ ਦਗ਼ਾ ਦਿੰਦਾ ਹੈ।

ਉਸਦੇ ਬਾਰੇ ਚੰਗੀ ਮੰਦੀ, ਹੁੰਦੀ ਰਹਿੰਦੀ ਹਰ ਥਾਂ ਚਰਚਾ,
ਲੱਗਦੈ ਬੰਦਾ ਠੀਕ ਨਹੀਂ ਉਹ, ਐਵੇਂ ਕੌਣ ਹਵਾ ਦਿੰਦਾ ਹੈ।

ਬੰਦਾ ਅਪਣੀ ਚੁਸਤੀ ਵਿੱਚ ਹੀ ਵੱਸਦੇ ਘਰ ਵੀਰਾਨ ਕਰੇ, ਪਰ-
ਬੱਚਾ ਤਾਂ ਅਣਭੋਲਪੁਣੇ ਵਿੱਚ ਰੋਂਦੇ ਲੋਕ ਹਸਾ ਦਿੰਦਾ ਹੈ।

ਤਕੜੇ ਦੇ ਹੱਥ ਦੀ ਕਠਪੁਤਲੀ ਬਣ ਜਾਂਦੈ ਹਰ ਵਾਰੀ ਹਾਕਮ,
ਮਾਤੜ੍ਹ ਬੰਦਾ ਮੁੜ ਮੁੜ ਉਸਦੇ ਸਿਰ ’ਤੇ ਤਾਜ ਸਜਾ ਦਿੰਦਾ ਹੈ।

ਖ਼ੁਦ ਨੂੰ ਦਰਦ ਮਿਲੇ ਤਾਂ ਦਰਦ ਪਰਾਇਆ ਵੀ ਫਿਰ ਲਗਦੈ ਅਪਣਾ,
ਦਰਦ ਮਿਲੇ ਤਾਂ ਦਰਦ ਵੰਡਾਉਣਾ, ਏਹੀ ਦਰਦ ਸਿਖਾ ਦਿੰਦਾ ਹੈ।

ਆਪੇ ਗੁੱਸੇ ਕਰਕੇ ਉਸਨੂੰ, ਆਪੇ ਫੇਰ ਮਨਾਵਾਂ ਜਦ ਮੈਂ,
ਮੇਰਾ ਤਰਲਾ, ਉਸਦਾ ਨਖ਼ਰਾ, ਸਾਨੂੰ ਬਹੁਤ ਮਜ਼ਾ ਦਿੰਦਾ ਹੈ।

ਪਿਆਰ-ਮੁਹੱਬਤ, ਮੇਲ-ਵਿਛੋੜਾ, ਦਰਦ-ਤਸੀਹੇ, ਰੋਸੇ-ਧੋਖੇ,
ਜੋ ਵੀ ਦਿਲ ਨੂੰ ਲੱਗ ਜਾਂਦਾ ਹੈ, ਹੱਥ ਵਿੱਚ ਕਲਮ ਫੜਾ ਦਿੰਦਾ ਹੈ।

ਦਿਲ ਦਾ ਰੋਗ ਅਵੱਲਾ ਹੁੰਦੈ, ਦੇਖੀਂ! ‘ਮਹਿਰਮ’ ਲਾ ਨਾ ਬੈਠੀਂ,
ਲੱਗ ਜਾਵੇ ਤਾਂ ਫਿਰ ਨਾ ਕੋਈ ਵੈਦ ਹਕੀਮ ਦਵਾ ਦਿੰਦਾ ਹੈ।

•♣•

## (ਪੰਜਤਾਲੀ)

ਬਹਿਰ- ਹਜ਼ਜ਼ ਮੁਸੱਮਨ ਸਾਲਿਮ
ਰੁਕਨ - ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ
**ISSS ISSS ISSS ISSS**

ਝੁਕੇ ਓਦੋਂ ਜ਼ਮਾਨਾ, ਸਿਰ ਤਲੀ 'ਤੇ ਧਰ ਜਦੋਂ ਮਿਲਦੇ।
ਕਿ ਸਾਰੇ ਤੋੜ ਕੇ ਬੰਧਨ, ਦਿਲਾ ਦਿਲਬਰ ਜਦੋਂ ਮਿਲਦੇ।

ਨਾ ਖ਼ੁਦ ਹੀ ਬੈਠਦੇ ਮਿਲਕੇ, ਨਾ ਮਿਲਕੇ ਬਹਿਣ ਦਿੰਦੇ ਹਨ,
ਵਧਾਉਂਦੇ ਹੋਰ ਵੀ ਪਾੜਾ ਅਜੇ ਰਹਿਬਰ ਜਦੋਂ ਮਿਲਦੇ।

ਨਦੀ ਦੀ ਹੋਂਦ ਤਾਂ ਰਹਿੰਦੀ ਹੈ ਸਾਗਰ ਤੋਂ ਉਰੇ ਤੱਕ ਹੀ,
ਨਦੀ ਕਿੱਥੇ ਨਦੀ ਰਹਿੰਦੀ, ਨਦੀ-ਸਾਗਰ ਜਦੋਂ ਮਿਲਦੇ।

ਅਸੀਸਾਂ, ਹੌਸਲਾ, ਰੋਸਾ, ਨਸੀਹਤ ਬਣਦੇ ਨੇ ਅੱਖਰ,
ਵਤਨ ਤੋਂ ਦੂਰ ਬਾਪੂ ਦੇ ਲਿਖੇ ਪੱਤਰ ਜਦੋਂ ਮਿਲਦੇ।

ਉਦ੍ਹਾ ਹਰ ਮਾਣ ਟੁੱਟ ਜਾਂਦੈ, ਉਦ੍ਹਾ ਵਿਸਵਾਸ਼ ਟੁੱਟ ਜਾਂਦੈ,
ਉਨ੍ਹੰ ਹਰ ਵਾਰ ਦੁਸ਼ਮਣ ਸੰਗ ਖੜ੍ਹੇ ਮਿੱਤਰ ਜਦੋਂ ਮਿਲਦੇ।

•♣•

## (ਛਿਆਲੀ)

ਬਹਿਰ- ਮੁਤਦਾਰਿਕ
ਰੁਕਨ- ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ
SS SS SS SS SS SS SS SS

ਦੁਨੀਆਂ ਦੀ ਸੁਣੀਏਂ ਤਾਂ ਇਹ ਜੱਗ, ਦੁੱਖਾਂ ਦਾ ਸਾਗਰ ਲਗਦਾ ਹੈ।
ਭਾਗਾਂ ਵਾਲਾ ਹੈ ਉਹ ਜਿਸਨੂੰ, ਅਪਣਾ ਘਰ ਮੰਦਰ ਲਗਦਾ ਹੈ।

ਮਿੱਠੀ ਬੋਲੀ, ਹੱਸਦਾ ਚਿਹਰਾ, ਦੇਖਣ ਨੂੰ ਸੁੰਦਰ ਲਗਦਾ ਹੈ।
ਪਰ ਜਦ ਦਿਲ ਦੇ ਦੁੱਖੜੇ ਫੋਲੇ , ਦਿਲ ਉਸਦਾ ਖੰਡਰ ਲਗਦਾ ਹੈ।

ਰੁੱਖਾਂ ਬਿਨ ਕਿੰਜ ਬੱਦਲ ਬਰਸਣ, ਸੋਚਾਂ ਵਿੱਚ ਅੰਬਰ ਲਗਦਾ ਹੈ।
ਬਹੁਤ ਪਿਆਸਾ, ਘੋਰ ਨਿਰਾਸ਼ਾ, ਗੁੱਸੇ ਵਿੱਚ ਸਾਗਰ ਲਗਦਾ ਹੈ।

ਸਾਰੇ ਰਿਸ਼ਤੇ ਤੋੜ ਗਿਆ ਏ, ਦਿਲਬਰ ਮੁੱਖੜਾ ਮੋੜ ਗਿਆ ਏ,
ਦਰਦ ਜੁਦਾਈ ਸਹਿਣਾ ਪੈਣਾ, ਹੁਣ ਤਾਂ ਜੀਵਨ-ਭਰ ਲਗਦਾ ਹੈ।

ਜਦ ਵੀ ਸੋਚਾਂ ਉਸਦੇ ਬਾਰੇ , ਉਸਦੇ ਬਾਰੇ ਕੁਝ ਨਾ ਸੋਚਾਂ,
ਲੇਕਿਨ ਉਹ ਤਾਂ ਹਰ ਵੇਲੇ ਹੀ, ਸੋਚਾਂ ਵਿੱਚ ਹਾਜ਼ਰ ਲਗਦਾ ਹੈ।

ਬੇਬਸ ਬੇਦੋਸ਼ਾ ਵੀ ਹੋਵੇ, ਸੁਣ ਲੈਂਦਾ ਹੈ ਕੌੜਾ ਫਿੱਕਾ,
ਬੇਸ਼ੱਕ ਦਿਲ ਵਿੱਚ ਲੱਗਦੈ ਹਰ ਇੱਕ ਬੋਲ ਜਿਵੇਂ ਖੰਜਰ ਲਗਦਾ ਹੈ।

ਤੈਨੂੰ ਸਭ ਕੁਝ ਸਾਂਤ ਹੀ ਲੱਗਦੈ, ਕੁਝ ਵੀ ਸਾਂਤ ਨਹੀਂ ਹੈ ਏਥੇ,
ਲਾਵੇ ਵਰਗਾ ਖ਼ੌਲ ਰਿਹਾ ਕੁਝ, ਹਰ ਇਕ ਦੇ ਅੰਦਰ ਲਗਦਾ ਹੈ।

ਰੱਜਿਆ ਪੁੱਜਿਆ ਰੱਜ ਕੇ ਖਾਂਦਾ, ਭੁੱਖਾ ਫਿਰ ਵੀ ਰਹਿੰਦੈ ਭੁੱਖਾ,
ਰੱਬਾ ਤੇਰੇ ਨਾਮ ’ਤੇ ਬੇਸ਼ੱਕ, ਰਾਤ ਦਿਨੇ ਲੰਗਰ ਲਗਦਾ ਹੈ।

ਕੁਝ ਘਟਨਾਵਾਂ ਨੇ ਵਾਪਰ ਕੇ, ਸਭ ਰਿਸਤੇ ਸ਼ੱਕੀ ਕਰ ਦਿੱਤੇ,
ਧੀ ਨੂੰ ਬਾਪੂ ਕੋਲੋਂ, ਮਾਂ ਨੂੰ ਪੁੱਤਰ ਕੋਲੋਂ ਡਰ ਲਗਦਾ ਹੈ।

ਸੱਚ ਕਹਿ ਕੇ ਬਣਦੇ ਹਾਂ ਮਾੜੇ, ਸੱਚ ਸੁਣ ਕੇ ਲੱਗਦਾ ਹੈ ਮਾੜਾ,
ਪਰ ਜੋ ਏਨੀ ਹਿੰਮਤ ਕਰਦੈ, ਮੈਨੂੰ ਓਹੀ ‘ਨਰ’ ਲਗਦਾ ਹੈ।

ਉਂਜ ਕਿਸੇ ਮੰਜ਼ਿਲ ਦਾ ਰਸਤਾ, ਸੌਖਾ ਤਾਂ ਨਹੀਂ ਹੁੰਦਾ ‘ਮਹਿਰਮ’,
ਪਰ ਤੂੰ ਨਾਲ ਤੁਰੇਂ ਜਦ ਮੇਰੇ, ਸੌਖਾ ਬਹੁਤ ਸਫ਼ਰ ਲਗਦਾ ਹੈ।

•♣•

## (ਸੰਤਾਲੀ)

ਬਹਿਰ- ਮੁਤਦਾਰਿਕ
ਰੁਕਨ- ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇ
SS SS SS SS SS SS SS S

ਮਸਤ ਹਵਾ ਤੇ ਕਾਲੇ ਬੱਦਲ, ਮੌਸਮ ਹੈ ਬਰਸਾਤਾਂ ਦਾ।
ਤਾਂਹੀ ਹਰ ਪਾਸੇ ਹੈ ਹਲਚਲ, ਮੌਸਮ ਹੈ ਬਰਸਾਤਾਂ ਦਾ।

ਰੋਜ਼ ਕਿਤੇ ਕਰ ਦਿੰਦਾ ਜਲਥਲ, ਮੌਸਮ ਹੈ ਬਰਸਾਤਾਂ ਦਾ।
ਗਲੀਆਂ ਵਿਚ ਚਿੱਕੜ ਤੇ ਦਲਦਲ, ਮੌਸਮ ਹੈ ਬਰਸਾਤਾਂ ਦਾ।

ਪੱਤਾ ਪੱਤਾ ਡਾਲੀ ਡਾਲੀ, ਹਰਿਆਲੀ ਹਰਿਆਲੀ ਹੈ,
ਬਸਤੀ ਬਸਤੀ ਜੰਗਲ ਜੰਗਲ, ਮੌਸਮ ਹੈ ਬਰਸਾਤਾਂ ਦਾ।

ਮੀਂਹ ਦਾ ਪਾਣੀ ਨਦੀਆਂ, ਨਹਿਰਾਂ, ਝਰਨੇ ਬਣਕੇ ਤੁਰਿਆ ਜਦ,
ਇਸ ਨੇ ਕਰਨਾ ਕਲਵਲ ਕਲਵਲ, ਮੌਸਮ ਹੈ ਬਰਸਾਤਾਂ ਦਾ।

ਫ਼ਰਕ ਨਾ ਮੌਸਮ ਦਾ ਤਕੜੇ ਨੂੰ, ਮਾੜੇ ਹਾਲ ਗ਼ਰੀਬਾਂ ਦੇ,
ਖਾਣਾ ਪੀਣਾ ਜੀਣਾ ਮੁਸ਼ਕਿਲ, ਮੌਸਮ ਹੈ ਬਰਸਾਤਾਂ ਦਾ।

ਰਲਮਿਲ ਕੁੜੀਆਂ ਪੀਂਘਾਂ ਝੂਟਣ, ਗੀਤ ਖ਼ੁਸ਼ੀ ਦੇ ਗਾਵਣ, ਹੁਣ,
ਮਸਤੀ ਵਿੱਚ ਬੀਤਣਗੇ ਕੁਝ ਪਲ, ਮੌਸਮ ਹੈ ਬਰਸਾਤਾਂ ਦਾ।

ਖੇਤਾਂ ਵਿੱਚ ਖ਼ੁਸ਼ ਖ਼ੁਸ਼ ਨੇ ਫ਼ਸਲਾਂ, ਮੋਰ ਪਪੀਹੇ ਬਾਗਾਂ ਵਿੱਚ,
ਮੇਰਾ ਵੀ ਕਿਉਂ ਮਚਲੇ ਨਾ ਦਿਲ? ਮੌਸਮ ਹੈ ਬਰਸਾਤਾਂ ਦਾ।

ਮਾਹੀ ਵੇ ਤੂੰ ਛੁੱਟੀ ਲੈ ਕੇ ਘਰ ਨੂੰ ਆ ਜਾ, ਤੇਰੇ ਬਿਨ,
ਮੈਨੂੰ ਜੀਣਾ ਲਗਦੈ ਮੁਸ਼ਕਿਲ, ਮੌਸਮ ਹੈ ਬਰਸਾਤਾਂ ਦਾ।

ਬਿਜਲੀ ਲਿਸ਼ਕੇ ਲੇਕਿਨ ਬੱਦਲ ਬਿਨ ਬਰਸੇ ਹੀ ਉਡ ਜਾਂਦੇ,
ਫਗਵਾੜੇ ਵਿੱਚ ਏਦਾਂ ਅੱਜ ਕੱਲ੍ਹ , ਮੌਸਮ ਹੈ ਬਰਸਾਤਾਂ ਦਾ।

ਖ਼ੁਦ ਨੂੰ ਸ਼ਾਇਰ ਸਮਝ ਰਿਹਾਂ ਜੇ, ਐ 'ਮਹਿਰਮ' ਬਰਸਾਤਾਂ 'ਤੇ,
ਲਿਖ ਦੇ ਗੀਤ, ਕਬਿੱਤ, ਗ਼ਜ਼ਲ, ਚੱਲ, ਮੌਸਮ ਹੈ ਬਰਸਾਤਾਂ ਦਾ।

## (ਅਠਤਾਲੀ)

ਬਹਿਰ- ਹਜ਼ਜ਼ ਮੁਸੱਮਨ ਸਾਲਿਮ
ਰੁਕਨ - ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ
**ISSS ISSS ISSS ISSS**

'ਮੈਂ ਤੇਰਾ ਹਾਂ' ਇਵੇਂ ਕਹਿ ਕੇ, ਉਹ ਐਵੇਂ ਦਿਲਲਗੀ ਕਰਦੈ।
ਮਿਲੇ ਮੌਕਾ ਜਦੋਂ ਜਿਸ ਨੂੰ, ਦਗ਼ਾ ਹਰ ਆਦਮੀ ਕਰਦੈ।

ਮਿਟਾ ਕੇ 'ਮੈਂ' ਕਿਸੇ ਦੇ ਨਾਮ ਕਿਹੜਾ ਜ਼ਿੰਦਗੀ ਕਰਦੈ।
ਨਸੀਬਾਂ ਨਾਲ ਹੀ ਮਿਲਦੈ, ਜੋ ਸੱਚੀ ਦੋਸਤੀ ਕਰਦੈ।

ਤਪੀ ਰੇਤਾ, ਘੜਾ ਕੱਚਾ, ਮਿਲੇ ਚਾਹੇ ਜੁਦਾਈ ਵੀ,
ਪਿਛਾਂਹ ਮੁੜਕੇ ਕਦੇ ਨਾ ਇਸ਼ਕ ਸੱਚਾ ਬੁਜ਼ਦਿਲੀ ਕਰਦੈ।

ਕਰੇ ਕੋਈ ਦਿਲਲਗੀ ਜਦ ਵੀ, ਸਮੇਂ ਦੇ ਨਾਲ, ਉਸ ਵੇਲੇ,
ਉਹ ਬੇਸਮਝੀ ਦੇ ਵਿਚ ਬਰਬਾਦ ਅਪਣੀ ਜ਼ਿੰਦਗੀ ਕਰਦੈ।

ਭੁਲਾਵੇਗਾ ਉਹ ਵੀ ਇੱਕ ਦਿਨ , ਸਮਾਂ ਪਾ ਕੇ, ਗਿਲਾ ਅਪਣਾ,
ਅਜੇ ਇਹ ਦੇਖ ਲੈਨੇ ਆਂ, ਕਦੋਂ ਤੱਕ ਦੁਸ਼ਮਣੀ ਕਰਦੈ।

ਕਦੇ ਬੰਦੇ ਨੂੰ ਬੰਦਾ ਕੀ, ਖ਼ੁਦਾ ਵੀ ਯਾਦ ਨਈਂ ਰਹਿੰਦਾ,
ਜਦੋਂ ਮਜਬੂਰ ਹੋਵੇ, ਤਾਂ ਕਿਤੇ ਇਹ ਬੰਦਗੀ ਕਰਦੈ।

ਦਿਨੇ ਸਭ ਆਖਦੇ ਜਿਸ ਨੂੰ, ਮਸੀਹਾ ਹੈ ਗ਼ਰੀਬਾਂ ਦਾ,
ਉਹ ਰਾਤੀਂ ਸਾੜ ਕੇ ਝੁੱਗੀਆਂ ਹੀ ਮਹਿਲੀਂ ਰੌਸ਼ਨੀ ਕਰਦੈ।

ਬਹੁਤ ਦਿੰਦੈ ਸਲਾਹਾਂ ਉਹ, ਇਵੇਂ ਹੋਵੇ ਉਵੇਂ ਹੋਵੇ,
ਕਹੋ ਕੁਝ ਕਰ ਅਗਾਂਹ ਹੋ ਕੇ, ਤਾਂ ਜ਼ਾਹਿਰ ਬੇਬਸੀ ਕਰਦੈ।

ਇਹ ਰਸਤਾ ਫੜ੍ਹਦਾ ਏ ਬੰਦਾ, ਜ਼ਮਾਨੇ ਦਾ ਸਤਾਇਆ ਹੀ,
ਖੁਸ਼ੀ ਦੇ ਨਾਲ ਐਵੇਂ ਕੌਣ 'ਮਹਿਰਮ' ਖ਼ੁਦਕਸ਼ੀ ਕਰਦੈ।

•♣•

## (ਉਨੰਜਾ)

ਬਹਿਰ- ਰਮਲ ਮੁਸੱਦਸ ਸਾਲਿਮ
ਰੁਕਨ- ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ
**SISS SISS SISS**

ਹਰ ਕਿਸੇ ਦਾ ਯਾਰ ਹੋਵੇ, ਲਾਜ਼ਮੀ ਨਈਂ।
ਪਿਆਰ ਬਦਲੇ ਪਿਆਰ ਹੋਵੇ, ਲਾਜ਼ਮੀ ਨਈਂ।

ਜ਼ਿੰਦਗੀ ਵਿੱਚ ਘੋਲ ਹੈ ਹਰ ਮੋੜ ਉੱਤੇ,
ਹਰ ਜਗ੍ਹਾ 'ਤੇ ਹਾਰ ਹੋਵੇ, ਲਾਜ਼ਮੀ ਨਈਂ।

ਯਾਰ ਨੂੰ ਤੂੰ ਜਿਸ ਗਲੀ 'ਚੋਂ ਭਾਲਦਾ ਏਂ,
ਉਸ ਗਲੀ ਵਿੱਚ ਯਾਰ ਹੋਵੇ, ਲਾਜ਼ਮੀ ਨਈਂ।

ਜੋ ਕਰੇ ਉਪਕਾਰ, ਉਸਦਾ ਹਰ ਕਿਸੇ ਤੋਂ,
ਹਰ ਜਗ੍ਹਾ ਸਤਿਕਾਰ ਹੋਵੇ, ਲਾਜ਼ਮੀ ਨਈਂ।

ਵੋਟ ਮੰਗਣ ਦਰ ਤੇਰੇ ਤੇ ਪਹੁੰਚਿਆ ਜੋ,
ਉਹ ਸਹੀ ਹੱਕਦਾਰ ਹੋਵੇ, ਲਾਜ਼ਮੀ ਨਈਂ।

ਲਾਜ਼ਮੀ ਹੈ ਬਾਗ ਅੰਦਰ ਫੁੱਲ ਦਾ ਖਿੜਨਾ,
ਬਾਗ ਅੰਦਰ ਖ਼ਾਰ ਹੋਵੇ, ਲਾਜ਼ਮੀ ਨਈਂ।

ਜੋ ਕਹੇ ਉਸਦੀ ਕਲਾ, ਫ਼ਨਕਾਰ ਦਾ ਵੀ,
ਵੈਸਾ ਹੀ ਕਿਰਦਾਰ ਹੋਵੇ, ਲਾਜ਼ਮੀ ਨਈਂ।

ਕਹਿ ਲਵੋ ਸਾਰੇ ਜਹਾਂ ਨੂੰ ਆਪਣਾ, ਪਰ,
ਰਹਿਣ ਲਈ ਘਰ ਬਾਰ ਹੋਵੇ, ਲਾਜ਼ਮੀ ਨਈਂ।

ਲਾਜ਼ਮੀ ਨਈਂ ਹਰ ਸਮੇਂ ਇਕਰਾਰ 'ਮਹਿਰਮ',
ਹਰ ਸਮੇਂ ਇਨਕਾਰ ਹੋਵੇ, ਲਾਜ਼ਮੀ ਨਈਂ।

•♣•

## (ਪੰਜਾਹ)

ਬਹਿਰ- ਹਜ਼ਜ਼ ਮੁਸੱਮਨ ਸਾਲਿਮ
ਰੁਕਨ -ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ
**ISSS ISSS ISSS ISSS**

ਅਗਰ ਹੈ ਲੋਭ ਦੌਲਤ ਦਾ, ਦਖ਼ਲ ਜੇ ਹੈ ਸਿਆਸਤ ਦਾ।
ਸਜ਼ਾ ਸੱਚ ਨੂੰ ਰਹੂ ਦਿੰਦਾ, ਸਦਾ ਹਰ ਜੱਜ ਅਦਾਲਤ ਦਾ।

ਉਹ ਦਿੰਦਾ ਹੈ ਸਦਾ ਹੋਕਾ, ਅਮਨ ਦਾ ਜਾਂ ਮੁਹੱਬਤ ਦਾ।
ਮਗਰ ਖ਼ੁਦ ਹੀ ਨਹੀਂ ਛੱਡਦਾ, ਉਹ ਪੱਲਾ ਵੈਰ, ਨਫ਼ਰਤ ਦਾ।

ਕਦੇ ਕੁਝ ਬੋਲ ਨਈਂ ਸਕਦਾ, ਉਹ ਅਪਨੇ ਆਪ ਖ਼ਾਤਿਰ ਵੀ,
ਸਦਾ ਮੁਹਤਾਜ਼ ਰਹਿੰਦਾ ਹੈ ਜੋ ਦੂਜੇ ਦੀ ਇਜਾਜ਼ਤ ਦਾ।

ਹਕੂਮਤ ਕੋਲ ਸਾਡੇ ਵਾਸਤੇ ਹੈ ਡਾਂਗ ਜਾਂ ਗੋਲੀ,
ਅਸੀਂ ਜੇ ਰੋਸ ਕਰੀਏ, ਬੋਲ ਬਣਦੇ ਹਾਂ ਬਗ਼ਾਵਤ ਦਾ।

ਇਨ੍ਹਾਂ ਨੇ ਵੇਚ ਦੇਣਾ ਦੇਸ਼ ਫਿਰ ਗ਼ੈਰਾਂ ਦੇ ਹੱਥਾਂ ਵਿੱਚ,
ਨਿਸ਼ਾਂ ਤਕ ਵੀ ਨਹੀਂ ਛੱਡਣਾ ਅਜ਼ਾਦੀ ਦੀ ਸ਼ਨਾਖ਼ਤ ਦਾ।

ਕਿਸੇ ਦੀ ਜਾਨ ਦੀ ਰਾਖੀ, ਕਰੂ ਨੇਤਾ ਕਿਵੇਂ, ਜਿਸਨੂੰ,
ਸਤਾਉਂਦਾ ਹੀ ਰਹੇ ਡਰ ਹਰ ਸਮੇਂ ਅਪਣੀ ਹਿਫ਼ਾਜ਼ਤ ਦਾ।

ਸਹੂਲਤ ਦੇਣ ਤੋਂ ਪਹਿਲਾਂ, ਹੈ ਹਾਕਮ ਦੇਖਦਾ ਏਥੇ,
ਕਿ ਖ਼ੁਦ ਉਸਨੇ, ਕਿਵੇਂ, ਕਿੰਨਾ, ਨਫ਼ਾ ਲੈਣਾ ਸਹੂਲਤ ਦਾ।

ਸਦਾ ਇਨਸਾਫ਼ ਨਾ ਮਿਲਦਾ, ਗਵਾਹਾਂ ਦੇ ਬਿਆਨਾਂ 'ਤੇ,
ਬੜਾ ਅਫ਼ਸੋਸ ਹੁੰਦੈ, ਜਦ ਪਤਾ ਲੱਗਦੈ ਹਕੀਕਤ ਦਾ।

ਜਵਾਨੀ ਪੇਟ ਦੀ ਖ਼ਾਤਿਰ, ਕਦੇ ਪਰਦੇਸ ਨਾ ਜਾਂਦੀ,
ਸਹੀ ਮੁੱਲ ਪੈਂਦਾ ਏਥੇ ਵੀ, ਜੇ ਮਿਹਨਤ ਦਾ, ਲਿਆਕਤ ਦਾ।

ਕੁਰਾਹੇ ਪੈਣ ਤੋਂ ਉਸਨੂੰ, ਮੈਂ ਰੋਕਾਂ ਤਾਂ ਕਿਵੇਂ ਰੋਕਾਂ,
ਬੁਰੇ ਸੰਗ ਮੇਲ ਹੈ ਉਸਦਾ, ਅਸਰ ਹੋਣਾ ਹੈ ਸੰਗਤ ਦਾ।

ਕਦੇ ਮੰਦਰ ਜਲਾਉਂਦੇ ਨੇ, ਕਦੇ ਮਸਜਿਦ ਨੂੰ ਢਾਹੁੰਦੇ ਨੇ,
ਇਵੇਂ ਵੀ ਲੋਕ ਦਮ ਭਰਦੇ ਨੇ ਮੌਲ਼ਾ ਦੀ ਇਬਾਦਤ ਦਾ।

ਅਜੇ ਤਾਂ ਨੋਟ ਬਦਲੇ ਵੋਟ ਵਿਕਦੀ ਹੈ ਗ਼ਰੀਬਾਂ ਦੀ,
ਜਦੋਂ ਇਹ ਲੋਕ ਜਾਗੇ, ਤਖ਼ਤ ਪਲਟਣਗੇ ਹਕੂਮਤ ਦਾ।

ਉਨ੍ਹਾਂ ਦੀ ਸੋਚ ਨੇ ਦੇਣੀ, ਹਮੇਸ਼ਾ ਰੌਸ਼ਨੀ ਸਾਨੂੰ,
ਜਿਨ੍ਹਾਂ ਨੇ ਕੌਮ ਖ਼ਾਤਿਰ ਜਾਮ ਪੀਤਾ ਹੈ ਸ਼ਹਾਦਤ ਦਾ।

ਕਿਸੇ ਦਾ ਕਰ ਸਕੇਂ ਤਾਂ ਕਰ, ਬਿਨਾ ਮਤਲਬ ਭਲਾ 'ਮਹਿਰਮ',
ਨਾ ਐਵੇਂ ਜੋੜ ਕੇ ਹੱਥ ਢੌਂਗ ਕਰਿਆ ਕਰ ਸ਼ਰਾਫ਼ਤ ਦਾ।

ਭਲਾ ਉਸਦੀ ਕਿਵੇਂ ਨਿਭਦੀ, ਤੇਰੇ ਸੰਗ ਦੋਸਤੀ 'ਮਹਿਰਮ',
ਉਹ ਬੰਦਾ ਹੋਰ ਫ਼ਿਤਰਤ ਦਾ, ਤੂੰ ਬੰਦਾ ਹੋਰ ਫ਼ਿਤਰਤ ਦਾ।

•♣•

## (ਇਕਵੰਜਾ)

ਬਹਿਰ- ਹਜ਼ਜ਼ ਮੁਸੱਮਨ ਸਾਲਿਮ
ਰੁਕਨ - ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ
**ISSS ISSS ISSS ISSS**

ਉਦ੍ਹੇ ਕੋਲੋਂ ਮੇਰੀ ਕੋਈ, ਖੁਸ਼ੀ ਦੇਖੀ ਨਹੀਂ ਜਾਂਦੀ।
ਮਗਰ ਮੈਥੋਂ ਉਦ੍ਹੀ ਕੋਈ, ਗ਼ਮੀ ਦੇਖੀ ਨਹੀਂ ਜਾਂਦੀ।

ਉਦ੍ਹੀ ਬਣਦੀ ਨਹੀਂ ਦੇਖੀ, ਕਿਸੇ ਦੇ ਨਾਲ ਅੱਜ ਤੱਕ ਮੈਂ,
ਉਦ੍ਹੇ ਕੋਲੋਂ ਕਿਸੇ ਦੀ ਵੀ, ਬਣੀ ਦੇਖੀ ਨਹੀਂ ਜਾਂਦੀ।

ਕਦੇ ਸੁੱਖ ਪਾ ਨਹੀਂ ਸਕਦੇ ਉਹ ਲੜਕੇ ਤੋਂ, ਜਿਨ੍ਹਾਂ ਕੋਲੋਂ,
ਬਹੂ ਦੇ ਪੇਟ ਵਿੱਚ ਪਲਦੀ, ਕੁੜੀ ਦੇਖੀ ਨਹੀਂ ਜਾਂਦੀ।

ਬੜਾ ਸੜੀਅਲ ਸੁਭਾਅ ਰੱਖਦਾ ਹੈ ਮਾਰੂਥਲ, ਉਦ੍ਹੇ ਕੋਲੋਂ,
ਵਗੇ ਭਰਕੇ ਕੋਈ ਦਰਿਆ-ਨਦੀ, ਦੇਖੀ ਨਹੀਂ ਜਾਂਦੀ।

ਵਜਾਉਂਦਾ ਢੋਲ ਹੈ ਹਾਕਮ, ਭਲਾ ਕਿਸਦੀ ਤਰੱਕੀ ਦਾ,
ਜੋ ਹਾਲਤ ਹੈ ਗ਼ਰੀਬਾਂ ਦੀ, ਸੁਣੀ-ਦੇਖੀ ਨਹੀਂ ਜਾਂਦੀ।

'ਪਰਾਈ' ਆਖ ਕੇ ਐਵੇਂ, ਬਹੂ ਨੂੰ ਨਾ ਸਤਾ ਏਨਾ,
ਕਿਸੇ ਤੋਂ ਧੀ ਕਦੇ ਅਪਣੀ, ਦੁਖੀ ਦੇਖੀ ਨਹੀਂ ਜਾਂਦੀ।

ਪੁਰਾਣੇ ਛੇੜ ਕੇ ਕਿੱਸੇ, ਕਲਾ ਸੁੱਤੀ ਜਗਾਉਂਦੈ ਉਹ,
ਮੇਰੀ ਹਾਲਤ ਜਦੋਂ ਚੰਗੀ-ਭਲੀ ਦੇਖੀ ਨਹੀਂ ਜਾਂਦੀ।

ਮੁਹੱਬਤ ਕਰ ਤੂੰ ਬਸ ਏਨੀ, ਕਿ ਸਾਰੀ ਉਮਰ ਨਿਭ ਜਾਵੇ,
ਮੁਹੱਬਤ ਵਿੱਚ ਜਦੋਂ ਰੜਕੇ ਕਮੀ, ਦੇਖੀ ਨਹੀਂ ਜਾਂਦੀ।

ਜੁਦਾ ਹੁੰਦਿਆਂ ਕਦੇ ਤਾਂ ਮੁਸਕਰਾਕੇ ਕਰ ਵਿਦਾ ਮੈਨੂੰ,
ਤੇਰੇ ਨੈਣਾਂ 'ਚ ਹਰ ਵਾਰੀ, ਨਮੀ ਦੇਖੀ ਨਹੀਂ ਜਾਂਦੀ।

ਉਹ ਵੈਸੇ ਦਮ ਬੜਾ ਭਰਦੈ, ਹਿਤੈਸ਼ੀ ਹੋਣ ਦਾ 'ਮਹਿਰਮ',
ਉਹ ਰੱਖਦਾ ਹੈ ਜਿਵੇਂ ਦਿਲ ਵਿਚ ਬਦੀ, ਦੇਖੀ ਨਹੀਂ ਜਾਂਦੀ।

•♣•

## (ਬਵੰਜਾ)

ਬਹਿਰ- ਰਮਲ ਮੁਸੱਦਸ ਸਾਲਿਮ
ਰੁਕਨ- ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ
**SISS SISS SISS**

ਮੈਂ ਜਦੋਂ ਸੰਸਾਰ ਬਾਰੇ ਸੋਚਦਾ ਹਾਂ।
ਮਹਿਕਦੀ ਗ਼ੁਲਜ਼ਾਰ ਬਾਰੇ ਸੋਚਦਾ ਹਾਂ।

ਤੂੰ ਕਹੇਂ ਤੂੰ ਸੋਚ ਅਪਣੇ ਆਪ ਬਾਰੇ,
ਮੈਂ ਕਹਾਂ, ਮੈਂ ਯਾਰ ਬਾਰੇ ਸੋਚਦਾ ਹਾਂ।

ਲੋਕ ਜਾ ਕੇ ਬਾਗ ਵਿਚ ਫੁੱਲਾਂ ਦੀ ਸੋਚਣ,
ਮੈਂ ਹਮੇਸ਼ਾ, ਖ਼ਾਰ ਬਾਰੇ ਸੋਚਦਾ ਹਾਂ।

ਹਰ ਧੜੇ ਵਿੱਚ ਨੇ ਬੁਰੇ ਕਿਰਦਾਰ ਵਾਲੇ,
ਕੀ ਬਣੂ, ਸਰਕਾਰ ਬਾਰੇ ਸੋਚਦਾ ਹਾਂ।

ਸੋਚ ਜਿਸਦੀ ਹੈ ਕਮੀਨੀ, ਉਹ ਭਲਾ ਫਿਰ,
ਕੀ ਕਰੂ, ਫ਼ਨਕਾਰ ਬਾਰੇ ਸੋਚਦਾ ਹਾਂ।

ਧਰਮ ਅੰਮ੍ਰਿਤ ਹੈ ਪਰ ਇਸਦੇ ਨਾਂ ਤੇ ਹੁੰਦੇ,
ਵਿਸ਼-ਭਰੇ, ਪਰਚਾਰ ਬਾਰੇ ਸੋਚਦਾ ਹਾਂ।

ਇਹ ਤੇਰੀ ਮਰਜ਼ੀ, ਕਦੋਂ ਇਨਕਾਰ ਕਰਨੈ,
ਮੈਂ ਅਜੇ, ਇਕਰਾਰ ਬਾਰੇ ਸੋਚਦਾ ਹਾਂ।

ਰੋਕ ਲੈਂਦੇ ਨੇ ਮੇਰੇ ਜਜ਼ਬਾਤ ਮੈਨੂੰ,
ਜਦ ਕਦੇ, ਇਜ਼ਹਾਰ ਬਾਰੇ ਸੋਚਦਾ ਹਾਂ।

ਫਿਰ ਉਦ੍ਹੀ ਤਸਵੀਰ ਵੀ ਬੇਕਾਰ ਜਾਪੇ,
ਜਦ ਉਦ੍ਹੇ, ਕਿਰਦਾਰ ਬਾਰੇ ਸੋਚਦਾ ਹਾਂ।

ਬੇਵਫ਼ਾ ਨਹੀਂ ਆਖਿਆ ਅਜ ਤਕ ਕਿਸੇ ਨੂੰ,
ਆਪਣੇ ਵਿਉਹਾਰ ਬਾਰੇ ਸੋਚਦਾ ਹਾਂ।

ਉਹ ਕਰੇ ਮੇਰੀ ਬੁਰਾਈ ਲੱਖ ਵਾਰੀ,
ਮੈਂ ਉਦ੍ਹੇ, ਸਤਿਕਾਰ ਬਾਰੇ ਸੋਚਦਾ ਹਾਂ।

ਇਹ ਕਰੇਗਾ ਮਾਰ ਇਕ ਦਿਨ, ਲਾਜ਼ਮੀ ਹੈ,
ਕਲਮ ਦੇ ਹਥਿਆਰ ਬਾਰੇ ਸੋਚਦਾ ਹਾਂ।

ਭੇਤ ਪਹਿਲਾਂ ਪਾ ਲਵਾਂ, ਕੀ ਇਸ਼ਕ ਹੁੰਦੈ,
ਫੇਰ ਕੁਝ ਜਿੱਤ-ਹਾਰ ਬਾਰੇ ਸੋਚਦਾ ਹਾਂ।

ਫਿਰ ਕਦੇ ਸੰਸਾਰ ਬਾਰੇ ਗੱਲ ਕਰਾਂਗੇ,
ਮੈਂ ਅਜੇ ਘਰ-ਬਾਰ ਬਾਰੇ ਸੋਚਦਾ ਹਾਂ।

ਦਿਲ ਕਹੇ, ਕਰ ਯਾਦ ਪਹਿਲਾਂ ਫ਼ਰਜ਼ 'ਮਹਿਰਮ',
ਮੈਂ ਜਦੋਂ ਅਧਿਕਾਰ ਬਾਰੇ ਸੋਚਦਾ ਹਾਂ।

•♣•

## (ਤ੍ਰਿਵੰਜਾ)

ਬਹਿਰ- ਮੁਤਦਾਰਿਕ
ਰੁਕਨ- ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ
**SS SS SS SS SS SS SS SS**

ਹਰ ਇਕ ਬੰਦਾ ਸੁਪਨਾ ਸਿਰਜੇ ਉਸਨੇ ਕਿਵੇਂ ਬਨਾਉਣਾ ਘਰ ਨੂੰ।
ਲੇਕਿਨ ਸਭ ਦੀ ਕਿਸਮਤ ਵਿੱਚ ਤਾਂ ਹੁੰਦਾ ਨਹੀਂ ਵਸਾਉਣਾ ਘਰ ਨੂੰ।

ਪੈਸੇ ਵਾਲਾ ਜਦ ਵੀ, ਜਿੱਥੇ ਚਾਹੇ ਮਹਿਲ ਬਣਾ ਸਕਦਾ ਹੈ,
ਮਾੜ੍ਹੜ ਲਈ ਤਾਂ ਇਕ ਵਾਰੀ ਵੀ ਔਖਾ ਬਹੁਤ ਬਨਾਉਣਾ ਘਰ ਨੂੰ।

ਚਹੁੰ ਕੰਧਾਂ 'ਤੇ ਛੱਤ ਪਾ ਦਈਏ, ਤਾਂ ਉਸਨੂੰ ਵੀ ਘਰ ਨਹੀਂ ਕਹਿੰਦੇ,
ਦੋ ਜੀਅ, ਬੱਚੇ ਦੀ ਕਿਲਕਾਰੀ ਰੱਖਦੇ ਸਦਾ ਲੁਭਾਉਣਾ ਘਰ ਨੂੰ।

ਬਾਪੂ ਦੇ ਮੰਜੇ ਦੇ ਹਿੱਸੇ, ਖ਼ਵਰੇ ਕਿਸ ਖੂੰਜੇ ਨੇ ਆਉਣਾ,
ਜੁਦਾ ਰਹਿਣ ਲਈ ਪੁੱਤਰਾਂ ਨੇ ਜਦ ਉਸ ਕੋਲੋਂ ਵੰਡਵਾਉਣਾ ਘਰ ਨੂੰ।

ਉਸਨੇ ਤਾਂ ਮਜ਼ਬੂਰੀ ਵਸ ਹੀ, ਚੁਣਿਆ ਹੈ ਪਰਵਾਸ ਭੁਗਤਣਾ,
ਸੁਪਨੇ ਵਿਚ ਵੀ ਮੁਸ਼ਕਿਲ ਲਗਦੈ, ਉਸਦਾ ਕਦੇ ਭੁਲਾਉਣਾ ਘਰ ਨੂੰ।

ਕਦੇ ਕਦੇ ਬੇਕਦਰੀ ਸਹਿ ਕੇ, ਵੀ ਮੋਹ ਇਸਦਾ ਛੱਡ ਨਹੀਂ ਹੁੰਦਾ,
ਚੰਗੇ ਦਿਨ ਦੀ ਆਸ 'ਚ ਮੁੜ ਮੁੜ ਪੈਂਦਾ, ਵਾਪਿਸ ਆਉਣਾ ਘਰ ਨੂੰ।

ਮਰਦ ਕਮਾਈ ਕਰ ਕੇ ਬੇਸ਼ੱਕ ਭਰ ਦੇਵੇ ਘਰ ਸਾਰਾ, ਲੇਕਿਨ,
ਸੁਘੜ ਸਿਆਣੀ ਔਰਤ ਜਾਣੇ, ਲਿਸ਼ਕਾਉਣਾ ਚਮਕਾਉਣਾ ਘਰ ਨੂੰ।

ਇਕ ਦੀ ਲਾਪਰਵਾਹੀ, ਦੂਜੇ ਦੀ ਮਨ-ਮਰਜ਼ੀ ਚੱਲਦੀ ਜਿੱਥੇ,
ਰੱਬ ਹੀ ਜਾਣੇ ਉਸ ਹਾਲਤ ਵਿਚ, ਟੁਟਣੋਂ ਕਿਵੇਂ ਬਚਾਉਣਾ ਘਰ ਨੂੰ।

ਇਕ ਦੋ ਵਾਰੀ ਪੱਕਾ ਦਿਨ ਵਿਚ, 'ਛਡਜੂੰ ਛਡਜੂੰ' ਕਹਿੰਦਾ ਮਾਹੀ,
ਨਾ ਜਾਣੇ ਕਿਉਂ ਸੌਖਾ ਸਮਝੇ, ਢਾਹ ਕੇ ਫੇਰ ਬਣਾਉਣਾ ਘਰ ਨੂੰ।

ਤੁਰ ਪੈਂਦਾ ਉਹ ਕਹਿ ਕੇ 'ਅੱਜ ਨਹੀਂ ਮੁੜਨਾ', ਲੇਕਿਨ ਆ ਜਾਂਦਾ ਹੈ,
ਇੰਝ ਹੀ ਚੱਲਦਾ ਰਹਿੰਦਾ ਉਸਦਾ ਘਰ ਤੋਂ ਜਾਣਾ, ਆਉਣਾ ਘਰ ਨੂੰ।

ਮੇਰੇ ਸਿਰ 'ਤੇ ਛੱਤ ਜੋ ਦਿਸਦੀ, ਕਰਜ਼ੇ ਹੇਠ ਦਬੀ ਹੈ ਹਾਲੇ,
ਸਾਲਾਂ ਬੱਧੀ ਕਿਸ਼ਤਾਂ ਦੇ ਦੇ, ਪੈਣਾਂ ਅਜੇ ਛੁਡਾਉਣਾ ਘਰ ਨੂੰ।

ਕੁੱਲੀ ਵਿੱਚ ਸੁਰਗਾਂ ਦੇ ਝੂਟੇ, ਮਿਲ ਜਾਣੇ ਜੇ ਨਾਲ ਰਹੇ ਉਹ,
ਖ਼ਵਰੇ ਮੇਰੇ 'ਮਹਿਰਮ' ਨੇ ਹੁਣ, ਕਿਸ ਦਿਨ ਫੇਰਾ ਪਾਉਣਾ ਘਰ ਨੂੰ।

## (ਚੌਰੰਜਾ)

ਬਹਿਰ – ਮੁਤਦਾਰਿਕ
ਰੁਕਨ – ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇ
**SS SS SS SS SS SS SS S**

ਯਾਰ ਜਿਨ੍ਹਾਂ ਦੇ ਰੱਖਦੇ ਜਜ਼ਬਾ, ਦੁਖ-ਸੁਖ ਪੁੱਛਣ ਦੱਸਣ ਦਾ।
ਫੇਰ ਉਨ੍ਹਾਂ ਨੂੰ ਹੱਕ ਨਈਂ ਦਿਲ ਵਿੱਚ, ਕੁਝ ਵੀ ਦੱਬ ਕੇ ਰੱਖਣ ਦਾ।

ਦਿਲ ਅਪਣੀ ਮਰਜ਼ੀ ਦਾ ਮਾਲਿਕ, ਇਹ ਕਦ ਵੱਸ ਵਿਚ ਆਉਂਦਾ ਹੈ,
ਬੰਦਾ ਜ਼ੋਰ ਬਥੇਰਾ ਲਾਉਂਦੈ, ਇਸ ਨੂੰ ਰੋਕਣ ਟੋਕਣ ਦਾ।

ਜਿਸਨੂੰ ਮਿਲਨਾ ਚਾਹੁੰਨੈਂ, ਦਿਲ 'ਚੋਂ ਸਾਰੇ ਰੋਸ ਭੁਲਾ ਕੇ ਮਿਲ,
ਸਿੱਧੇ ਮੂੰਹ ਜੇ ਗੱਲ ਨਹੀਂ ਕਰਨੀ, ਕੀ ਫ਼ਾਇਦਾ ਗਲ਼ ਲੱਗਣ ਦਾ।

ਦਿਲ ਨੇ ਜਿਸ 'ਤੇ ਆਉਣਾ ਹੋਇਆ, ਆ ਜਾਣਾ ਬਿਨ ਪੁੱਛਿਆਂ ਹੀ,
ਇਸਨੇ ਤੈਨੂੰ ਵਕਤ ਕਦੇ ਨਾ, ਦੇਣਾ ਸੋਚਣ ਪਰਖਣ ਦਾ।

ਦੁਨੀਆਂ ਚੇਤੇ ਰੱਖਦੀ ਕੇਵਲ, ਚੰਗੇ ਮੰਦੇ ਕੰਮਾਂ ਨੂੰ,
ਇਸਨੇ ਇਕ ਦਿਨ ਮਿੱਟੀ ਹੋਣੈ, ਨਾ ਕਰ ਮਾਣ ਸੁਹੱਪਣ ਦਾ।

ਦਿਲ ਦਾ ਭੇਤ ਜੋ ਦਿੰਦੈ ਸਭ ਨੂੰ, ਅਪਣਾ ਚੈਨ ਗਵਾਉਂਦਾ ਹੈ,
ਹਰ ਪਲ ਹੀ ਡਰ ਬਣਿਆ ਰਹਿੰਦਾ, ਉਸਨੂੰ ਪਰਦਾ ਉੱਠਣ ਦਾ।

ਮੈਂ ਉਸਨੂੰ ਅਪਣਾ ਰੱਬ ਸਮਝਾਂ, ਸਮਝੇ ਹੋਰ ਕਿਸੇ ਨੂੰ ਉਹ,
'ਨੇਰੇ ਵਿੱਚੋਂ ਭਾਲ ਰਹੇ ਹਾਂ, ਫਿਰ ਵੀ ਟੁਕੜਾ ਚਾਨਣ ਦਾ।

'ਜਾਣਾ ਜਾਣਾ' ਨਾ ਕਰ ਐਵੇਂ, ਬਹਿ ਜਾ ਹਾਲੇ ਹੋਰ ਘੜੀ,
ਵੈਸੇ ਦਿਲ ਨੇ ਫਿਰ ਵੀ ਮਿੱਤਰਾ, ਨਾਂ ਨਹੀਂ ਲੈਣਾ ਰੱਜਣ ਦਾ।

ਰੁਸਣਾ, ਮੰਨਣਾ, ਮੇਲ, ਵਿਛੋੜਾ, ਚਲਦਾ ਰਹਿਣਾ ਜੀਵਨ ਵਿਚ,
ਗ਼ਮੀਆਂ ਵੇਲੇ ਰੋਣ ਦਾ ਚੱਕਰ, ਖ਼ੁਸ਼ੀਆਂ ਵੇਲੇ ਹੱਸਣ ਦਾ।

ਰੱਬ ਹੀ ਜਾਣੇ ਕਿੰਜ ਉਹ ਡੁੱਬਾ, ਆ ਕੇ ਕੋਲ ਕਿਨਾਰੇ ਦੇ,
ਖ਼ੁਦ ਨੂੰ ਸਮਝ ਰਿਹਾ ਸੀ ਜਿਹੜਾ, ਤਾਰੂ ਹਰ ਇਕ ਪੱਤਣ ਦਾ।

ਦੇਖੋ ਹੁਣ ਕੀ ਬਣਦਾ ਉਸਦਾ, ਨਾਲ ਉਨ੍ਹਾਂ ਦੇ ਰਲਿਆ ਜੋ,
ਸ਼ੌਕ ਜਿਨ੍ਹਾਂ ਦਾ ਚਾੜ੍ਹ ਕੇ ਕੋਠੇ, ਮਗਰੋਂ ਪੌੜੀ ਚੱਕਣ ਦਾ।

ਸਿੱਧੇ ਸਾਦੇ ਲਫ਼ਜ਼ਾਂ ਵਿਚ ਮੈਂ, ਅਪਣੇ ਸ਼ਿਅਰ ਸੁਣਾਉਂਦਾ ਹਾਂ,
ਤੇਰੇ ਮਨ 'ਤੇ ਬੋਝ ਪਵੇ ਨਾ, ਅਰਥ ਇਨਾਂ ਦੇ ਸਮਝਣ ਦਾ।

ਹੁਣ ਤਕ ਮੈਂ ਤਾਂ ਉਮਰ ਗੁਜ਼ਾਰੀ, ਦਿਲ ਦਾ ਮਹਿਰਮ ਭਾਲਦਿਆਂ,
ਖ਼ਵਰੇ ਕਿਸ ਦਿਨ ਮੁੱਕਣੈ ਚੱਕਰ, ਮੇਰੇ ਭਟਕਣ, ਤੜਪਣ ਦਾ।

ਇਸ਼ਕ ਬੜਾ ਤੜਫਾਉਂਦੈ, ਹੋਸ਼ ਭੁਲਾਉਂਦੈ, ਜਾਨ ਸੁਕਾਉਂਦਾ ਹੈ,
ਫਿਰ ਵੀ ਜਜ਼ਬਾ ਰੱਖਦੈ 'ਮਹਿਰਮ', ਏਡਾ ਚੁੱਕਣ ਚੱਕਣ ਦਾ।

•♣•

## (ਪਚਵੰਜਾ)

ਬਹਿਰ- ਮੁਤਦਾਰਿਕ
ਰੁਕਨ- ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲੁਨ
SS SS SS SS

ਮਿਲਨੈ ਜੇ, ਮਿਲ ਹਿੰਮਤ ਕਰ ਕੇ।
ਇਸ਼ਕ ਨਹੀਂ ਹੁੰਦਾ ਡਰ ਡਰ ਕੇ।

ਦਰਦ ਜ਼ਮਾਨੇ ਨੇ ਜੋ ਦਿੱਤਾ,
ਉਹ ਵੀ ਦੇਖ ਲਵਾਂਗੇ ਜਰ ਕੇ।

ਖ਼ੁਦ ਨੂੰ ਚੈਨ ਕਦੇ ਨਾ ਮਿਲਦਾ,
ਅਪਣਾ ਦੋਸ਼ ਕਿਸੇ 'ਤੇ ਧਰ ਕੇ।

ਰੋ ਕੇ ਵੀ ਮਨ ਹਲਕਾ ਹੁੰਦੈ,
ਕੁਝ ਨਾ ਕਹਿ, ਰੋ ਲੈ, ਜੀਅ ਭਰ ਕੇ।

ਸਭ ਕੁਝ ਮਾਲਿਕ ਦੇ ਹੱਥ ਵਿਚ ਹੈ,
ਕੀ ਮਿਲਨਾ ਤੈਨੂੰ ਜ਼ਿਦ ਕਰ ਕੇ।

ਗ਼ਲਤੀ ਕਰਦੈਂ, ਫੇਰ ਅਜੇ ਵੀ,
ਕੁਝ ਤਾਂ ਸਿੱਖਦਾ, ਬਾਜ਼ੀ ਹਰ ਕੇ।

ਤੈਨੂੰ ਕੀ ਮਿਲਦਾ ਹੈ, ਮੇਰੀ,
ਦੁਖਦੀ ਰਗ 'ਤੇ ਉਂਗਲ ਧਰ ਕੇ।

ਖ਼ੁਸ਼ ਰਹਿ, ਜਿੱਦਾਂ, ਜਿੱਥੇ ਰਹਿਣਾ,
ਮਿਲਿਆ ਨਾ ਕਰ, ਅੱਖਾਂ ਭਰ ਕੇ।

ਅਪਣਾ ਭੇਤ ਨਾ ਦਿੰਦੈ 'ਮਹਿਰਮ',
ਦੇਖ ਲਿਆ ਉਸ 'ਤੇ ਵੀ ਮਰ ਕੇ।

## (ਛਿਪੰਜਾ)

ਬਹਿਰ- ਰਮਲ ਮੁਸੱਮਨ ਮਹਿਜ਼ੂਫ
ਰੁਕਨ - ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲੁਨ
**SISS SISS SISS SIS**

ਫੂਕ ਵਿਚ ਦਮ ਹੈ ਨਾ ਦਮ ਹੈ ਪੋਟਿਆਂ ਦੀ ਚਾਲ ਵਿਚ।
ਬੰਸਰੀ ਤੇਰੀ ਨਹੀਂ ਵੱਜਦੀ ਕਿਸੇ ਸੁਰ ਤਾਲ ਵਿਚ।

ਇਸ਼ਕ ਮੰਜ਼ਿਲ ਵਾਸਤੇ ਉਮਰਾਂ ਕਈ ਦਰਕਾਰ ਨੇ,
ਤੂੰ ਕਿਵੇਂ ਹੈਂ ਸੋਚਦਾ ਕਿ ਪਾ ਲਵਾਂ ਇਕ ਛਾਲ ਵਿਚ।

ਠੀਕ ਏ! ਆਸਾਨ ਹੈ ਚੜ੍ਹ ਕੇ ਚੜ੍ਹਾਈ, ਉੱਤਰਨਾ,
ਦੇਖ ਕੇ ਰੱਖ ਪੈਰ ਤੂੰ, ਤਿਲਕਣ ਵੀ ਹੁੰਦੀ ਢਾਲ ਵਿਚ।

ਹਰ ਤਰ੍ਹਾਂ ਦੇ ਹਾਲ ਵਿਚ ਕੋਸ਼ਿਸ਼ ਕਰਾਂ, ਤੂੰ ਖੁਸ਼ ਰਹੇਂ,
ਤੂੰ ਨਹੀਂ ਖੁਸ਼ ਹੋ ਰਿਹਾ, ਮੈਥੋਂ ਕਿਸੇ ਵੀ ਹਾਲ ਵਿਚ।

ਆਦਮੀ ਚੋਂ ਗੁੰਮ ਹੀ ਰਹਿੰਦੈ ਹਰ ਸਮੇਂ ਕੁਝ, ਇਸ ਤਰ੍ਹਾਂ,
ਜ਼ਿੰਦਗੀ ਹੀ ਬੀਤ ਜਾਂਦੀ ਹੈ ਉਸੇ ਦੀ ਭਾਲ ਵਿਚ।

ਇਕ ਨਾ ਇਕ ਦਿਨ ਫੇਰ ਵਾਪਿਸ ਪਰਤ ਆਵੇਗਾ ਜ਼ਰੂਰ,
ਜੋ ਬੇਦਾਵਾ ਦੇ ਗਿਐ, ਫਸ ਕੇ ਕਿਸੇ ਦੀ ਚਾਲ ਵਿਚ।

ਹਰ ਸ਼ਿਕਾਰੀ ਵਰਤਦੈ ਬੇਸ਼ੱਕ ਤਰੀਕਾ ਆਪਣਾ,
ਆਖ਼ਰੀ ਮਕਸਦ ਤਾਂ ਹੈ, ਪੰਛੀ ਫਸਾਉਣਾ ਜਾਲ ਵਿਚ।

ਲਾ ਤਾਂ ਦਿੰਦੇ ਹਾਂ ਉਦ੍ਹੀ ਤਸਵੀਰ ਹਰ ਦੀਵਾਰ ’ਤੇ,
ਭਗਤ ਸਿੰਘ ਜਦ ਯਾਦ ਆਉਂਦੈ ਇਕ ਦੋ ਵਾਰੀ ਸਾਲ ਵਿਚ।

ਜ਼ਹਿਰ ਵੀ ਖ਼ਾਲਿਸ ਨਹੀਂ ਮਿਲਦਾ ਕਿਸੇ ਬਾਜ਼ਾਰ ’ਚੋਂ,
ਇਸ ਕਦਰ ਅੱਜ ਹੈ ਮਿਲਾਵਟ, ਹਰ ਤਰ੍ਹਾਂ ਦੇ ਮਾਲ ਵਿਚ।

ਜਿਸ ਤਰ੍ਹਾਂ ਹਾਲਾਤ ਮੰਦੇ ਹੋ ਰਹੇ ਨੇ ਸ਼ਹਿਰ ਦੇ,
ਜਾਨ ਔਖੀ ਹੋਰ ਹੋਊ, ਆ ਰਹੇ ਹਰ ਸਾਲ ਵਿਚ।

ਇਸ ਗਲੀ ਵਿਚ ਗ਼ੈਰ ਬੰਦੇ ਰੋਜ਼ ਚੱਕਰ ਮਾਰਦੇ,
ਕੁਝ ਨਾ ਕੁਝ ਤਾਂ ‘ਮਹਿਰਮਾ’, ਹੋਵੇਗਾ ਕਾਲਾ ਦਾਲ ਵਿਚ।

ਬੇਅਕਲ ਸੰਗ ਬਹਿਸ ਨਾ ਕਰ, ਕੁਝ ਨਈਂ ਮਿਲਣਾ ‘ਮਹਿਰਮਾ’,
ਵਾਲ ਦੀ ਖੱਲ-ਲਾਹੁਣ ਵਾਲਾ, ਉਲਝਿਐ ਖ਼ੁਦ ਵਾਲ ਵਿਚ।

•♣•

## (ਸਤਵੰਜਾ)

ਬਹਿਰ- ਹਜ਼ਜ਼ ਮੁਸੱਮਨ ਸਾਲਿਮ
ਰੁਕਨ - ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ
**ISSS ISSS ISSS ISSS**

ਕਦੇ ਚੰਦਾ, ਕਦੇ ਸੂਰਜ, ਕਦੇ ਰੱਬ ਹੀ ਬਣਾ ਦੇਵੇ।
ਜਿਵੇਂ ਚਾਹੇ ਇਹ ਦਿਲ ਮਹਿਬੂਬ ਦਾ ਰੁਤਬਾ ਵਧਾ ਦੇਵੇ।

ਖ਼ੁਦਾ ਜਾਣੇ ਕਿਵੇਂ ਇਤਫ਼ਾਕ ਬਣਿਆ, ਮਿਲ ਗਏ ਆਪਾਂ,
ਦੁਆ ਕਰੀਏ ਕਿ ਸਭ ਨੂੰ ਹੀ, ਇਵੇਂ ਮੌਕਾ ਖ਼ੁਦਾ ਦੇਵੇ।

ਉਹ ਮਿਲਦਾ ਹੈ ਸਦਾ ਹੱਸ ਕੇ, ਬੁਲਾਉਂਦੈ ਵੀ ਮੁਹੱਬਤ ਨਾਲ,
ਉਦ੍ਹੀ ਮਰਜ਼ੀ ਉਹ ਦਿਲ ਵਿਚ ਵੀ ਜਗ੍ਹਾ ਦੇਵੇ ਜਾਂ ਨਾ ਦੇਵੇ।

ਸਮਾਂ ਮਜ਼ਬੂਰ ਜਦ ਕਰਦੈ, ਬਦਲ ਹਾਲਾਤ ਇੰਜ ਦਿੰਦੈ,
ਜੋ ਹਰ ਪਲ ਯਾਦ ਕਰਦਾ ਹੈ, ਉਹ ਸਾਲਾਂ ਤੱਕ ਭੁਲਾ ਦੇਵੇ।

ਦਿਲਾ ! ਬੀਤੇ ਦਿਨਾਂ ਦੀ ਯਾਦ ਏਦਾਂ ਵੀ ਤਾਂ ਆਉਂਦੀ ਹੈ,
ਜੋ ਰੋਂਦੇ ਨੂੰ ਹਸਾ ਦੇਵੇ ਤੇ ਹੱਸਦੇ ਨੂੰ ਰੁਆ ਦੇਵੇ।

ਮੇਰੀ ਤਕਦੀਰ ਵਿੱਚ ਮਿਲਨਾ ਵੀ ਕੁਝ ਏਦਾਂ ਹੀ ਲਿਖਿਆ ਹੈ,
ਜੋ ਅੱਜ ਮਿਲਦਾ ਗਲ਼ੇ ਲੱਗ ਕੇ, ਉਹ ਦੂਜੇ ਦਿਨ ਭੁਲਾ ਦੇਵੇ।

ਉਦ੍ਹੇ ਵਿਉਹਾਰ ਬਾਰੇ ਮੈਂ ਕਹਾਂ ਤਾਂ ਕੀ ਕਹਾਂ ਯਾਰੋ,
ਜੋ ਪਲਕਾਂ 'ਤੇ ਬਿਠਾ ਕੇ ਖ਼ੁਦ ਹੀ ਨਜ਼ਰਾਂ 'ਚੋਂ ਗਿਰਾ ਦੇਵੇ।

ਬੁਰੀ ਲੱਗੀ ਜੇ ਗੱਲ ਉਸਨੂੰ, ਕਰੇ ਬਹਿ ਕੇ ਗਿਲਾ ਸ਼ਿਕਵਾ,
ਕਹੋ ਉਸਨੂੰ, ਪਰੇ ਰਹਿ ਕੇ, ਨਾ ਹਉਮੈ ਨੂੰ ਹਵਾ ਦੇਵੇ।

ਜ਼ਮਾਨਾ ਇਸ਼ਕ ਨੂੰ ਇਕ ਰੋਗ ਜਾਂ ਫਿਰ ਇਕ ਬਲ਼ਾ ਕਹਿੰਦੈ,
ਜੋ ਕਰਦਾ ਹੈ, ਉਹੀ ਜਾਣੇ, ਖੁਸ਼ੀ ਕੀ ਇਹ ਬਲ਼ਾ ਦੇਵੇ।

ਤੂੰ ਸਮਝੀ ਜਾਹ ਉਨੂੰ ਅਪਣਾ, ਜਦੋਂ ਤਕ ਵੀ ਦਿਲਾ, ਚਾਹੁੰਨੈ,
ਕਿਸੇ ਨੂੰ ਆਪਣਾ ਕਹਿਣਾ ਵੀ ਰੂਹ ਨੂੰ ਹੌਸਲਾ ਦੇਵੇ।

ਬੁਰਾ ਲਗਦਾ ਨਹੀਂ ਮੈਨੂੰ, ਉਦ੍ਹਾ ਮਿਲ ਕੇ ਜੁਦਾ ਹੋਣਾ,
ਮੁਹੱਬਤ ਕੀ ਭਲਾ ਹੋਈ, ਕਦੇ ਜੇ ਦਰਦ ਨਾ ਦੇਵੇ।

ਉਹ ਮੇਰਾ ਹੈ, ਮੇਰੇ ਬਾਰੇ, ਜੁਦਾ ਹੋ ਕੇ ਵੀ ਸੋਚੇਗਾ,
ਉਹ ਦੇਵੇਗਾ ਹੀ ਕੁਝ ਮੈਨੂੰ, ਭਲੇ ਹੀ ਬਦ-ਦੁਆ ਦੇਵੇ।

ਇਹ ਵੀ ਸਚ ਹੈ, ਕਿ 'ਮਹਿਰਮ' ਝੂਠ ਵੀ, ਸਚ ਹੀ ਨਜ਼ਰ ਆਉਂਦੈ,
ਜੇ ਝੂਠਾ ਝੂਠ 'ਤੇ ਸਚ ਦਾ ਮੁਲੰਮਾ ਹੀ ਚੜ੍ਹਾ ਦੇਵੇ।

## (ਅਠਵੰਜਾ)

ਬਹਿਰ- ਹਜ਼ਜ਼ ਮੁਸੱਮਨ ਸਾਲਿਮ
ਰੁਕਨ - ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ
**ISSS ISSS ISSS ISSS**

ਉਨੂੰ ਮਿਲਣਾ ਝਨਾਂ ਤੋਂ ਪਾਰ ਜਾ ਕੇ ਸੀ, ਨਹੀਂ ਮਿਲਿਆ।
ਰਿਹਾਂ ਮੰਝਧਾਰ ਵਿੱਚ ਫਸਿਆ, ਕਿਨਾਰਾ ਹੀ, ਨਹੀਂ ਮਿਲਿਆ।

ਮਨਾਂ 'ਤੇ ਬੋਝ, ਖਾਲੀਪਨ, ਉਦਾਸੀ ਚਿਹਰਿਆਂ ਉੱਪਰ,
ਜੋ ਵੀ ਮਿਲਿਆ, ਬਿਨਾਂ ਇਸ ਤੋਂ, ਕਦੇ ਕੋਈ, ਨਹੀਂ ਮਿਲਿਆ।

ਮੈਂ ਇਹ ਤਾਂ ਕਹਿ ਨਹੀਂ ਸਕਦਾ, ਕਿਸੇ ਤੋਂ ਪਿਆਰ ਮਿਲਿਆ ਨਈਂ,
ਮਗਰ ਮੈਨੂੰ ਜਦੋਂ ਇਸਦੀ ਜਰੂਰਤ ਸੀ, ਨਹੀਂ ਮਿਲਿਆ।

ਜੁਦਾਈ, ਬੇਬਸੀ, ਗ਼ਮ, ਦਰਦ, ਧੋਖਾ, ਬੇਰੁਖ਼ੀ, ਯਾਰੋ,
ਤੁਸੀਂ ਸਭ ਕੁਝ ਬੜਾ ਦਿੱਤੈ, ਤੁਹਾਥੋਂ ਕੀ ਨਹੀਂ ਮਿਲਿਆ?

ਬਥੇਰੇ ਯਾਰ ਨੇ ਮੇਰੇ, ਬੜੇ ਗ਼ਮਖ਼ਾਰ ਨੇ ਮੇਰੇ,
ਮਗਰ ਸੀ ਆਰਜ਼ੂ ਜਿਸਦੀ, ਉਹ ਹਾਲੇ ਵੀ, ਨਹੀਂ ਮਿਲਿਆ।

ਉਡਾਰੀ ਮਾਰ ਕੇ ਕਾਰੂੰ, ਸਿਕੰਦਰ ਛਿਪ ਗਿਆ ਕਿੱਥੇ,
ਖ਼ਜ਼ਾਨਾ ਕੀ, ਉਦ੍ਹਾ ਘਰ ਜਿਸ ਗਲੀ ਵਿੱਚ ਸੀ, ਨਹੀਂ ਮਿਲਿਆ।

ਰਿਹਾ ਮਸਰੂਫ਼ 'ਮਹਿਰਮ' ਪੀਣ ਵਿਚ ਜਾਂ ਜੋੜ ਤੋੜ ਅੰਦਰ,
ਮੇਰੀ ਮਹਿਫ਼ਿਲ 'ਚ ਆ ਕੇ ਵੀ, ਉਹ ਮੈਨੂੰ ਹੀ ਨਹੀਂ ਮਿਲਿਆ।

•♣•

## (ਉਨਾਹਟ)

ਬਹਿਰ- ਹਜ਼ਜ਼ ਮੁਸੱਦਸ ਮਹਿਜ਼ੂਫ
ਰੁਕਨ- ਮੁਫ਼ਾਈਲੁਨ ਮੁਫ਼ਾਈਲੁਨ ਫ਼ਊਲੁਨ
**ISSS ISSS ISS**

ਮੁਹੱਬਤ ਵਿੱਚ ਦਗ਼ਾ ਹੁੰਦੇ ਹੋਏ ਵੀ।
ਉਹ ਚੁੱਪ ਰਹਿਦੈ, ਪਤਾ ਹੁੰਦੇ ਹੋਏ ਵੀ।

ਕੋਈ ਸ਼ਿਕਵਾ ਗਿਲਾ ਹੁੰਦੇ ਹੋਏ ਵੀ।
ਉਹ ਖ਼ੁਸ਼ ਰਹਿੰਦੈ, ਜੁਦਾ ਹੁੰਦੇ ਹੋਏ ਵੀ।

ਉਦ੍ਹੇ ਬਾਰੇ ਨਹੀਂ ਕੁਝ ਜਾਣਦਾ ਮੈਂ,
ਬੜਾ ਕੁਝ ਜਾਣਦਾ ਹੁੰਦੇ ਹੋਏ ਵੀ।

ਸ਼ਰਾਰਤ ਇਸ ਤਰ੍ਹਾਂ ਕੀਤੀ ਹਵਾ ਨੇ,
ਨਹੀਂ ਪਰਦਾ ਰਿਹਾ, ਹੁੰਦੇ ਹੋਏ ਵੀ।

ਦਿਨੋ ਦਿਨ ਦੂਰ ਹੁੰਦੇ ਜਾ ਰਹੇ ਹਾਂ,
ਮੁਸੱਲਸਲ ਰਾਬਤਾ ਹੁੰਦੇ ਹੋਏ ਵੀ।

ਕਿਤੇ ਵੀ ਨਈ੍ਹੀਂ, ਕਦੇ ਮਿਲਦਾ, ਕਿਸੇ ਨੂੰ,
ਹਰਿਕ ਥਾਂ 'ਤੇ ਖ਼ੁਦਾ ਹੁੰਦੇ ਹੋਏ ਵੀ।

ਦਵਾ ਦੇਣੋਂ ਉਨ੍ਹਾਂ ਪਰਹੇਜ਼ ਰੱਖਿਆ,
ਮੇਰੇ ਦੁੱਖ ਦਾ ਪਤਾ ਹੁੰਦੇ ਹੋਏ ਵੀ।

ਕਦੇ ਵੀ ਨਾ ਭਲਾ ਕੀਤਾ, ਕਿਸੇ ਦਾ,
ਉਹ ਰੋਂਦਾ ਹੀ ਰਿਹਾ, ਹੁੰਦੇ ਹੋਏ ਵੀ।

ਮੁਹੱਬਤ ਹੈ, ਤਦੇ ਇੰਜ ਮਾਫ਼ ਕਰਦੈ,
ਉਹ ਹੱਸ ਪੈਂਦੈ, ਖ਼ਫ਼ਾ ਹੁੰਦੇ ਹੋਏ ਵੀ।

ਉਹ ਵਲ਼ ਪਾ ਕੇ ਨਿਕਲ ਜਾਂਦੈ ਹਮੇਸ਼ਾ,
ਮੇਰੇ ਘਰ ਦਾ ਪਤਾ ਹੁੰਦੇ ਹੋਏ ਵੀ।

ਨਹੀਂ ਪਲ ਦਾ ਭਰੋਸਾ ਵੀ ਦਮਾਂ ’ਤੇ,
ਦਮਾਂ ਦਾ ਆਸਰਾ ਹੁੰਦੇ ਹੋਏ ਵੀ।

ਪਤਾ ਨਈਂ ਕਿਉਂ ਨਹੀਂ ਜਾਂਦਾ ਦਿਲਾਂ ’ਚੋਂ,
ਵਫ਼ਾ ’ਤੇ ਸ਼ੱਕ, ਵਫ਼ਾ ਹੁੰਦੇ ਹੋਏ ਵੀ।

ਮੁਹੱਬਤ ਵਿਚ ਸਦਾ ਮਹਿਬੂਬ ‘ਮਹਿਰਮ’,
ਭਲਾ ਲੱਗਦੈ, ਬੁਰਾ ਹੁੰਦੇ ਹੋਏ ਵੀ।

## (ਸੱਠ)

ਬਹਿਰ- ਮੁਜ਼ਾਰਿਆ ਮੁਸੱਮਨ ਅਖ਼ਰਬ
ਰੁਕਨ- ਮਫ਼ਊਲ ਫ਼ਾਇਲਾਤੁਨ ਮਫ਼ਊਲ ਫ਼ਾਇਲਾਤੁਨ
**SSI SISS SSI SISS**

ਉਸਨੇ ਚੁਰਾ ਲਿਆ ਹੈ, ਜਲਵੇ ਦਿਖਾ ਦਿਖਾ ਕੇ।
ਰੱਖਿਆ ਬੜਾ ਹੀ ਜਿਸ ਤੋਂ, ਦਿਲ ਨੂੰ ਬਚਾ ਬਚਾ ਕੇ।

ਛੁਪਦੇ ਨਹੀਂ ਛੁਪਾਇਆਂ, ਨਾ ਮਹਿਕ ਨਾ ਮੁਹੱਬਤ,
ਬੰਦਾ ਹੀ ਭਰਮ ਪਾਲੇ, ਰੱਖਦੈ ਛੁਪਾ ਛੁਪਾ ਕੇ।

ਸਭ ਨੂੰ ਨਾ ਰਾਸ ਆਉਂਦਾ, ਹੱਸ ਹੱਸ ਕੇ ਲਾ ਰਿਹੈਂ ਜੋ,
ਇਹ ਰੋਗ ਹੈ ਅਵੱਲਾ, ਛੱਡਦੈ, ਰੁਆ ਰੁਆ ਕੇ।

ਉਸਦੀ ਖੁਸ਼ੀ ’ਚ ਖੁਸ਼ ਹਾਂ, ਰੱਖੇ ਜਿਵੇਂ ਵੀ ਰੱਖਣੈਂ,
ਉਸਨੂੰ ਜਿਤਾ ਰਿਹਾ ਹਾਂ, ਖ਼ੁਦ ਨੂੰ ਹਰਾ ਹਰਾ ਕੇ।

ਲਗਦੈ ਏ ਹਰਕਤਾਂ ਤੋਂ, ਉਹ ਕੁਝ ਛਿਪਾ ਰਿਹਾ ਹੈ,
ਨਜ਼ਰਾਂ ਮਿਲਾ ਰਿਹਾ ਜੋ, ਨਜ਼ਰਾਂ ਚੁਰਾ ਚੁਰਾ ਕੇ।

ਪਾੜੇ ਤੇ ਸਾੜ ਦਿੱਤੇ ਖ਼ਤ ਓਸ ਨੇ, ਉਹੀ ਜੋ,
ਹੁਣ ਤਕ ਸੰਭਾਲ ਰੱਖੇ, ਸੀਨੇ ਲਗਾ ਲਗਾ ਕੇ।

ਕਿਸ ’ਤੇ ਯਕੀਨ ਕਰੀਏ, ਹੈ ਚਾਲਬਾਜ਼ ਦੁਨੀਆਂ,
ਚੱਕਰਾਂ ’ਚ ਪਾ ਰਹੀ ਏ, ਚੱਕਰ ਚਲਾ ਚਲਾ ਕੇ।

ਬਣਦਾ ਨਾ ਲੋਕਾਂ ਵਿਚ ਜੇ, ਇਹ ਇਸ਼ਕ ਇਕ ਤਮਾਸ਼ਾ,
ਗਾਉਂਦੇ ਨਾ ਹੀਰ ਲੋਕੀ, ਕਿੱਸੇ ਬਣਾ ਬਣਾ ਕੇ।

ਬਣਦੀ ਜਦੋਂ ਹੈ ਮੁਸ਼ਕਿਲ, ਆਉਂਦਾ ਹੈ ਯਾਦ ਮੁਰਸ਼ਦ,
ਮੁਰਸ਼ਦ ਹੀ ਪਾਰ ਲਾਉਂਦੈ, ਰਸਤਾ ਦਿਖਾ ਦਿਖਾ ਕੇ।।

ਸੰਧੂ ਗ਼ਜ਼ਲ ਦਾ ਚਿਰ ਤੋਂ, ਬੈਠੈ ਸਕੂਲ ਖੋਲ੍ਹੀ,
ਚਾਨਣ ਖਿਲਾਰਦੈ ਉਹ ਦੀਪਕ ਜਗਾ ਜਗਾ ਕੇ।

ਹੁਣ ਤਾਂ ਕਦੇ ਵੀ ‘ਮਹਿਰਮ’, ਆਉਂਦਾ ਨਈਂ ਖ਼ਾਬ ਅੰਦਰ,
ਸੁਪਨਾ ਈ ਹੋ ਗਿਆ ਹੈ, ਸੁਪਨੇ ਦਿਖਾ ਦਿਖਾ ਕੇ।

•♣•

## (ਇਕਾਹਠ)

ਬਹਿਰ- ਹਜ਼ਜ਼ ਮੁਸੱਦਸ ਸਾਲਿਮ
ਰੁਕਨ - ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ
**ISSS ISSS ISSS**

ਉਦ੍ਹੇ ਸਿਰ ਬੇਵਜਾ ਫਿਰ ਦੋਸ਼ ਲੱਗਿਆ ਹੈ।
ਭਲਾ ਨੈਣਾਂ 'ਚੋਂ ਐਵੇਂ ਨੀਰ ਵਗਦਾ ਹੈ?

ਇਹ ਜਾਦੂ ਜਾਂ ਮੁਹੱਬਤ ਦਾ ਕਰਿਸ਼ਮਾ ਹੈ।
ਉਨ੍ਹੇ ਹਰ ਗ਼ਮ ਖੁਸ਼ੀ ਦੇ ਨਾਲ ਜਰਿਆ ਹੈ।

ਜੁਦਾ ਹੋ ਕੇ, ਕੀ ਹੋਈ ਹੈ ਦਸ਼ਾ ਦਿਲ ਦੀ,
ਇਹ ਸੈਆਂ ਵਾਰ ਭਰਿਆ ਹੈ ਤੇ ਫਿੱਸਿਆ ਹੈ।

ਮਲਾਹਾਂ ਨੇ ਨਹੀਂ ਤੱਕਿਆ ਪਿਛਾਂਹ ਮੁੜਕੇ,
ਜੋ ਗਿਰਿਆ ਸੀ ਉਹ ਡੁੱਬਿਆ ਹੈ ਕਿ ਤਰਿਆ ਹੈ।

ਦਿਲਾਂ ਦੇ ਤਾਰ ਕੱਚੇ ਧਾਗਿਆਂ-ਵੱਤ ਨੇ,
ਇਹ ਟੁੱਟੇ ਨੇ, ਜਦੋਂ ਵਿਸਵਾਸ਼ ਟੁੱਟਿਆ ਹੈ।

ਹਰਿਕ ਰਿਸ਼ਤਾ ਪਿਆਦੇ ਵਾਂਗ ਵਰਤੇ ਉਹ,
ਹਮੇਸ਼ਾ 'ਚੈੱਸ' ਜਿਹੀ ਉਹ ਚਾਲ ਚੱਲਦਾ ਹੈ।

ਨਹੀਂ ਛਡ ਸਕਦਾ ਸੌੜੀ ਸੋਚ ਦਾ ਪੱਲਾ,
ਉਨ੍ਹੇ ਅਪਣੇ ਲਈ ਖ਼ੁਦ ਜਾਲ ਬੁਣਿਆ ਹੈ।

ਅਜੇਹਾ ਮੋੜ ਵੀ ਆਉਂਦੈ ਮੁਹੱਬਤ ਵਿੱਚ,
ਕਿ ਬੰਦਾ ਸੋਚਦੈ, ਜਿੱਤਿਆ ਕਿ ਹਰਿਆ ਹੈ।

ਮੁਹੱਬਤ ਵਿਚ, ਕੋਈ ਪਰਦਾ, ਨਹੀਂ ਰਹਿੰਦਾ,
ਮੈਂ ਕਿੰਜ ਮੰਨਾਂ, ਮੇਰੇ ਕੋਲੋਂ ਜੇ ਪਰਦਾ ਹੈ।

ਖਿਸਕ ਜਾਂਦੈ ਉਹ ਅਪਣੇ ਆਪ ਹੀ ਦਿਲ ਚੋਂ,
ਭੁਲਾਇਆਂ ਵੀ ਕਦੇ ਮਹਿਬੂਬ ਭੁੱਲਿਆ ਹੈ?

ਜਦੋਂ ਫਸਿਆ ਤਾਂ ਜਾਣੇਗਾ ਕਦਰ ਇਸਦੀ,
ਅਜੇ ਉਪਦੇਸ਼, ਉਸਨੂੰ ਬੋਝ ਲੱਗਦਾ ਹੈ।

ਕਿਵੇਂ ਨਾ ਗੀਤ ਗਾਵੇ ਉਹ ਮੁਹੱਬਤ ਦੇ,
ਚਿਰਾਂ ਮਗਰੋਂ ਉਦ੍ਹਾ ਮਹਿਬੂਬ ਮਿਲਿਆ ਹੈ।

## (ਬਾਹਠ)

ਬਹਿਰ- ਮੁਤਦਾਰਿਕ
ਰੁਕਨ- ਫ਼ੇਲੁਨ ਫ਼ੇਲੁਨ ਫ਼ੇਲੁਨ ਫ਼ੇਲ
**SS SS SS SI**

ਭੱਜਣਗੇ ਹੱਤਿਆਰੇ ਲੋਕ।
ਜੇ ਹਿੰਮਤ ਨਾ ਹਾਰੇ ਲੋਕ।

ਗੱਲੀਂ ਬਾਤੀਂ ਪੂਰੇ ਨੇ,
ਅਪਣੇ ਘਰ ਵਿੱਚ ਸਾਰੇ ਲੋਕ।

ਬੈਠਣ ਭਾਵੇਂ ਮਹਿਫ਼ਿਲ ਵਿੱਚ,
ਪਰ ਨੇ ਕੱਲੇ-ਕਾਰੇ ਲੋਕ।

ਮੈਨੂੰ ਹਲਕੇ ਲੱਗਦੇ ਹੈਨ,
ਹੋ ਜਾਂਦੇ ਜਦ ਭਾਰੇ ਲੋਕ।

ਉੱਤੋਂ ਮਿੱਠੇ ਬਣਦੇ ਹੈਨ,
ਵਿੱਚੋਂ ਕੌੜੇ ਖਾਰੇ ਲੋਕ।

ਇੱਕ ਪਾਸੇ ਨਾ ਲਾਉਣ ਕਦੀ,
ਲਾ ਜਾਂਦੇ ਜੋ ਲਾਰੇ ਲੋਕ।

ਬਦਬੂਆਂ ਵਿੱਚ ਵਸਦੇ ਦੇਖ,
ਮਹਿਕਾਂ ਦੇ ਵਣਜਾਰੇ ਲੋਕ।

ਕੁਝ ਪਲ ਸੁਖ ਦੇ ਕੱਟਣ ਹੇਤ,
ਕੀ ਕੀ ਕਰਦੇ ਕਾਰੇ ਲੋਕ।

'ਮਹਿਰਮ', ਚੰਗਾ ਮੰਦਾ ਕਿਉਂ,
ਬੋਲਣ ਤੇਰੇ ਬਾਰੇ ਲੋਕ।

•♣•

## (ਤ੍ਰੇਹਠ)

ਬਹਿਰ- ਰਮਲ ਮੁਸੱਮਨ ਮਹਿਜ਼ੂਫ
ਰੁਕਨ - ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲਾਤੁਨ ਫ਼ਾਇਲੁਨ
**SISS SISS SISS SIS**

ਰਹਿਬਰਾਂ ਦਾ ਵਣਜ ਹੈ ਹੁਣ ਹਰ ਤਰ੍ਹਾਂ ਦੇ ਜ਼ਹਿਰ ਦਾ।
ਤੜਫਦਾ ਮਿਲਦੈ ਤਦੇ ਹਰ ਸਖ਼ਸ਼ ਮੇਰੇ ਸ਼ਹਿਰ ਦਾ।

ਤੂੰ ਸਮੁੰਦਰ ਦਾ ਨਜ਼ਾਰਾ, ਦੇਖਣਾ ਤਾਂ ਦੇਖ, ਪਰ-
ਨਾ ਕਿਨਾਰੇ ਕੋਲ ਜਾਵੀਂ, ਕੀ ਭਰੋਸਾ ਲਹਿਰ ਦਾ।

ਚੋਰ ਡਾਕੂ ਜਿਸ ਤਰ੍ਹਾਂ ਸਰਗਰਮ ਨੇ ਹੁਣ ਰਾਤ ਦਿਨ,
ਖ਼ੌਫ਼ ਨੇ ਲੋਕਾਂ ਦਾ ਲੁੱਟਿਆ ਚੈਨ ਅੱਠੇ ਪਹਿਰ ਦਾ।

ਆੜ ਲੈ ਕੇ ਧਰਮ ਦੀ, ਨਾ ਖੇਡ ਖ਼ੂਨੀ ਹੋਲੀਆਂ,
ਹਰ ਕਿਸੇ ਨੂੰ ਸੇਕ ਲਗਦੈ, ਬੇਵਜਾ ਇਸ ਕਹਿਰ ਦਾ।

ਖ਼ੁਦ ਚਿਰਾਗਾਂ ਨੂੰ ਖ਼ਬਰ ਨਹੀਂ ਆਪਣੀ ਔਕਾਤ ਦੀ,
ਰੌਸ਼ਨੀ ਅੱਗੇ ਹਨੇਰਾ ਤਾਂ ਕਦੇ ਨਹੀਂ ਠਹਿਰਦਾ।

ਦੇਖ ਸੁੱਕੀ ਨਹਿਰ, ਕਰਦੇ ਨੇ ਵਿਚਾਰਾਂ ਬਿਰਖ ਵੀ,
ਇਸ ਤਰ੍ਹਾਂ ਪਹਿਲਾਂ ਕਦੇ, ਰੁਸਿਆ ਨਾ ਪਾਣੀ ਨਹਿਰ ਦਾ।

ਕੀ ਗ਼ਜ਼ਲ ਦੇ ਐਬ ਦੇਖੂ, ਕੀ ਉਹ ਜਾਣੂ ਖ਼ੂਬੀਆਂ,
ਜੋ ਨਿਯਮ ਹੀ ਜਾਣਦਾ ਨਹੀਂ, ਰੁਕਨ ਦਾ ਜਾਂ ਬਹਿਰ ਦਾ।

ਜਾਣਦਾ ਹਾਂ ਤੂੰ ਬੜਾ ਮਸਰੂਫ਼ ਰਹਿਨੈ 'ਮਹਿਰਮਾ',
ਪਰ ਕਦੇ ਤਾਂ ਵਕਤ ਕੱਢ ਲੈ, ਕੁਝ ਦਿਨਾਂ ਦੀ ਠਹਿਰ ਦਾ।

ਬਹਿ ਨਾ 'ਮਹਿਰਮ' ਬੇਧਿਆਨਾ, ਸਾਂਭ ਗਠੜੀ ਆਪਣੀ,
ਆ ਰਿਹੈ ਤੂਫ਼ਾਨ ਚੜ੍ਹ ਕੇ, ਹੈ ਇਸ਼ਾਰਾ ਗਹਿਰ ਦਾ।

## ਚੋਣਵੇਂ ਸ਼ਿਅਰ

ਕੁਝ ਸਰਫ਼ਰੋਸ਼ਾਂ ਦੀ ਬੜੀ ਹੈ ਲੋੜ ਹੁਣ ਵੀ ਦੇਸ਼ ਨੂੰ,
ਕਰਤਾਰ, ਊਧਮ, ਭਗਤ ਵਰਗੇ ਵੀਰ ਮੈਂ ਲੱਭਦਾ ਰਹਾਂ।

ਆਖਦਾ ਉਹ, ਜੀਣ ਦਾ ਮੇਰਾ ਤਰੀਕਾ ਹੋਰ ਹੈ,
ਕਰ ਸਕੇਂ ਤਾਂ ਜਿਸ ਤਰ੍ਹਾਂ ਦਾ ਹਾਂ, ਇਵੇਂ ਮਨਜ਼ੂਰ ਕਰ।

ਕਰ ਸੁਤੰਤਰ ਹੋਣ ਦਾ ਕੁਝ ਤਾਂ ਯਤਨ,
ਰਿਸ਼ਤਿਆਂ ’ਚੋਂ ਮਿਲ ਰਹੀ ਹੈ ਕੈਦ ਹੀ।

ਕਿੰਝ ਕੋਈ ਗ਼ਜ਼ਲ, ਰੁਬਾਈ ਕਹਿ ਕੇ ਕਰੇ ਸੰਬੋਧਨ ਉਸਨੂੰ,
ਜਿਸ ਲੜਕੀ ਦੀ ਫ਼ਿਤਰਤ ਹੋਵੇ, ਖੁੱਲ੍ਹੀ ਕਵਿਤਾ ਵਾਂਗ।

ਖ਼ਿਆਲਾਂ ਵਿਚ ਕਦੇ ਭਾਵੇਂ, ਮੈਂ ਉਸਨੂੰ ਛੂਹ ਲਿਆ ਹੋਵੇ,
ਹਕੀਕਤ ਵਿਚ ਅਜੇ ਤਕ ਤਾਂ ਨਹੀਂ ਮੈਂ ਦੇਖਿਆ ਉਸਨੂੰ।

ਉਸ ਮਹਿਫ਼ਿਲ ’ਚੋ ਉੱਠ ਜਾਣਾ ਹੀ ਬਿਹਤਰ ਹੈ,
ਜਿੱਥੇ ਬਹਿ ਕੇ ਆਪਸ ਵਿਚ ਤਕਰਾਰ ਵਧੇ।

ਏਦਾਂ ਹੋਵੇ, ਓਦਾਂ ਹੋਵੇ, ਦਿੰਦੈ ਬਹੁਤ ਸਲਾਹਾਂ ਉਹ,
ਜਿਸ ਨੇ ਅਪਣੀ ਜੇਬ ’ਚੋਂ ਦੇਣਾ ਹੁੰਦਾ ਨਹੀਂ ਇਕ ਪੈਸਾ ਵੀ।

ਹਰ ਇਕ ਅਦਾ ਮੈਂ ਉਸਦੀ, ਸ਼ਿਅਰਾਂ ’ਚ ਸਾਂਭ ਲੈਨਾਂ,
ਮਿਲਦਾ ਹੈ ਯਾਰ ਮੈਨੂੰ ਚਿਹਰਾ ਬਦਲ ਬਦਲ ਕੇ।

ਗਵਾਹਾਂ ਤੇ ਸਬੂਤਾਂ ਦਾ ਉਨ੍ਹਾਂ ਨੇ ਜਾਲ ਇੰਝ ਬੁਣਿਆ,
ਕਿ ਖ਼ੁਦ ਨੂੰ ਬੇਗੁਨਾਹ ਕਹਿਣਾ ਵੀ ਮੈਨੂੰ ਝੂਠ ਹੀ ਲੱਗਦੈ।

ਕਵੀ-ਸੰਮੇਲਨ ਵਿਚ ਤਾਂ ਕੇਵਲ ਓਹੀ ਸ਼ਾਮਿਲ ਹੋਵੇਗਾ।
ਜਿਹੜਾ ਮੁੱਖ-ਮਹਿਮਾਨ ਦੇ ਸੋਹਲੇ ਗਾਉਣ ਦੇ ਕਾਬਿਲ ਹੋਵੇਗਾ।

ਉਹ ਖ਼ਿਆਲਾਂ ਵਿਚ ਮਿਲੇ, ਦਿਨ ਰਾਤ ਗੱਲਾਂ ਵੀ ਕਰੇ,
ਪਰ ਹਕੀਕਤ ਵਿਚ ਕਦੇ ਉਹ ਰੂਬਰੂ ਹੁੰਦਾ ਨਹੀਂ।

ਉਹ ਰਿਸ਼ਤਾ ਤੋੜ ਬੇਸ਼ੱਕ ਦੂਰ ਜਾਵੇ, ਛਿਪ ਨਹੀਂ ਸਕਦਾ,
ਇਹ ਦੁਨੀਆਂ ਗੋਲ ਹੈ ‘ਮਹਿਰਮ’ ਕਿਤੇ ਤਾਂ ਹੋਣਗੇ ਮੇਲੇ।

ਅਸੀਂ ਇਨਸਾਫ਼ ਦੀ ਖ਼ਾਤਿਰ, ਸਦਾ ਸੱਚ ਬੋਲਦੇ ਰਹਿਣਾ,
ਚਲਾਉਣੀ ਤੋਪ ਤੂੰ ਜਿਹੜੀ, ਜਦੋਂ ਮਰਜ਼ੀ ਚਲਾ ਲੈਣੀ।

ਸਭਾਵਾਂ ਵਿਚ ਵੀ ਅਜ-ਕੱਲ੍ਹ ਖੇਡ ਚੱਲਦੀ ਹੈ ਸਿਆਸਤ ਦੀ,
ਕਿਤੇ ਪਰਧਾਨ ਦਾ ਚੱਕਰ, ਕਿਤੇ ਜਨਰਲ-ਸਕੱਤਰ ਦਾ।

ਲਾਗੇ ਬਹਿ ਕੇ ਦੁਖ ਸੁਖ ਫੋਲੇ ਏਨਾ ਵਕਤ ਨਹੀਂ,
ਦੇਖਣ ਨੂੰ ਤਾਂ ਮੇਰਾ ਉਸਦਾ ਡੂੰਘਾ ਰਿਸ਼ਤਾ ਹੈ।

ਥੋੜਾ ਬਹੁਤ ਸਹਾਰਾ ਡਿਗਣੋਂ ਕਦੇ ਬਚਾ ਸਕਦੈ, ਲੇਕਿਨ,
ਸੰਭਲਣਾ ਜੇ ਖ਼ੁਦ ਹੀ ਚਾਹੋ ਤਾਂ ਹੀ ਸੰਭਲ ਹੋਵੇਗਾ।

ਇਹ ਜ਼ਰੂਰੀ ਹੈ ਕਿ ਪਹਿਲਾਂ ਸਭ ਦੀ ਹੋਵੇ ਏਕਤਾ,
ਫੇਰ ਹੀ ਸ਼ਾਮਿਲ ਕਰੋ, ਖ਼ੁਦ ਨੂੰ ਕਿਸੇ ਹੜਤਾਲ ਵਿਚ।

ਮੇਰੇ ਸੰਗ ਬੈਠ ਕੇ ਖ਼ੁਦ ਹੀ ਮਿਟਾ ਲੈਂਦਾ ਗਿਲੇ ਸ਼ਿਕਵੇ,
ਰਕੀਬਾਂ ਸਾਹਮਣੇ ਤੂੰ ਛੇੜ ਕੇ ਕਿੱਸੇ ਬੁਰਾ ਕੀਤਾ।

ਤੇਰੀ ਸੋਹਣੀ ਸੂਰਤ, ਅੱਛੀ ਸੀਰਤ, ਮਿੱਠੀ ਬੋਲੀ ਹੈ,
ਤੇਰਾ ਦਿਲ ਜੋ ਤੋੜ ਗਿਆ, ਉਹ ਬੰਦਾ ਪਾਗਲ ਹੋਵੇਗਾ।

ਉਹ ਸੁਣਦਾ ਹੈ ਰਕੀਬਾਂ ਦੀ, ਜਿਵੇਂ ਕਹਿੰਦੇ ਉਵੇਂ ਕਰਦਾ,
ਕਰੂ ਕਦ ਆਪਣੀ ਮਰਜ਼ੀ, ਉਨ੍ਹੂੰ ਕਦ ਹੋਸ਼ ਆਵੇਗੀ।

ਲੁੱਟ-ਖੋਹ ਮਚਦੀ ਜਿੱਥੇ ਹਰ ਪਲ ਖੌਫ਼ ਜਾਨ ਦਾ ਰਹਿੰਦਾ ਹੈ,
ਐਸੇ ਸ਼ਹਿਰ ਦੇ ਨਾਲੋਂ ਤਾਂ ਫਿਰ, ਬਿਹਤਰ ਜੰਗਲ ਹੋਵੇਗਾ।

ਸ਼ੀਸ਼ੇ ਅੱਗੇ ਹੋ ਕੇ ਜਦ ਵੀ ਅਪਣਾ ਚਿਹਰਾ ਦੇਖੀਦਾ।
ਸਾਹਵੇਂ ਕੌਣ ਖੜੈ ਕਈ ਵਾਰੀ ਦਿਲ ਵਿਚ ਏਦਾਂ ਸੋਚੀਦਾ।

ਜੋ ਲਾ ਕੇ ਅੱਗ, ਅਜੇ ਤਾਂ ਮਾਣਦੇ ਨੇ ਨਿੱਘ, ਪਰ੍ਹੇ ਬਹਿ ਕੇ,
ਇਹ ਤੜਪਣਗੇ, ਜਦੋਂ ਇਸਦਾ, ਇਨ੍ਹਾਂ ਤਕ ਸੇਕ ਪਹੁੰਚੇਗਾ।

ਸੰਸਾਰ ਦਾ ਕੋਈ ਬਸ਼ਰ, ਭੁੱਖਾ ਤੇ ਨੰਗਾ ਨਾ ਰਹੇ,
ਏਹੋ ਜਿਹੀ ਕੋਈ ਬਣੇ ਤਦਬੀਰ ਮੈਂ ਲੱਭਦਾ ਰਹਾਂ।

•♣•



# ਅਮਰਜੀਤ ਸਿੰਘ ਸੰਧੂ

(ਮਿਤੀ 11-01-09 ਨੂੰ
ਜਸਵਿੰਦਰ ਮਹਿਰਮ ਨੂੰ ਆਪਣਾ
ਜਾ-ਨਸ਼ੀਨ ਥਾਪਣ ਸਮੇਂ ਲਿਖੀ ਗਈ



ਮੇਰੇ ਮਹਿਰਮ! ਮੇਰੇ ਬੱਚੇ! ਮੇਰੀ ਗ਼ੁਲਜ਼ਾਰ ਸੰਭਾਲੀਂ!
ਇਹ ਵੱਡੀ ਜ਼ੁੰਮੇਵਾਰੀ ਬਣ ਕੇ ਜ਼ੁੰਮੇਵਾਰ ਸੰਭਾਲੀਂ!

ਮੇਰਾ ਸਾਹਿਤ-ਘਰਾਣਾ ਮੈਂ ਤੇਰੀ ਝੋਲੀ 'ਚ ਪਾਉਂਦਾ ਹਾਂ,
ਮੇਰਾ ਪਰਿਵਾਰ ਨਾ ਰੁਲ ਜਏ, ਮੇਰਾ ਪਰਿਵਾਰ ਸੰਭਾਲੀਂ!

ਮੇਰਾ ਵਾਅਦਾ ਸੀ, ਹਰ ਕਾਨੇ ਨੂੰ ਹੀ 'ਕਾਨੀ' ਬਨਾਉਣਾ ਹੈ,
ਮੇਰਾ ਇਤਬਾਰ ਨਾ ਟੁੱਟੇ, ਮੇਰਾ ਇਤਬਾਰ ਸੰਭਾਲੀਂ!

'ਦਸੂਹੀ' ਨੇ ਸੀ 'ਦੀਪਕ' ਬਾਲਿਆ, ਦੀਪਕ ਨੇ ਸੌ 'ਸੰਧੂ',
ਤੇ ਸੰਧੂ ਦੇ ਰਿਹੈ ਇਕ ਨੂਰ ਦਾ ਅੰਬਾਰ, ਸੰਭਾਲੀਂ!

ਜੋ ਬੇੜੀ ਦੇ ਰਿਹਾਂ ਤੈਨੂੰ, ਇਦ੍ਹਾ ਸਾਗਰ ਹੀ ਦੁਸ਼ਮਣ ਹੈ,
ਤੇ ਮੰਜ਼ਿਲ ਦੂਰ ਹੈ, ਤੂੰ ਸੋਚ ਕੇ ਪਤਵਾਰ ਸੰਭਾਲੀਂ!

ਤੇਰੇ ਤੋਂ ਗੁਣ ਦੀ ਆਸ਼ਾ ਰੱਖ ਕੇ, ਜੋ ਤੇਰੇ ਦਰ ਆਵੇ,
ਕਿਸੇ ਨੂੰ ਵੀ ਨਾ ਠੁਕਰਾਵੀਂ, ਹਰਿਕ ਫ਼ਨਕਾਰ ਸੰਭਾਲੀਂ!

ਅਸੂਲਾਂ ਨੂੰ ਹਮੇਸ਼ਾ ਬੇ-ਅਸੂਲਾ, 'ਬੰਧਿਸ਼ਾਂ' ਕਹਿੰਦੈ,
ਅਸੂਲਾਂ ਦੀ ਨਿਧੀ ਤੂੰ ਬਣ ਕੇ ਪਹਿਰੇਦਾਰ ਸੰਭਾਲੀਂ!

ਜੋ ਸੰਧੂ ਦੇ ਘਰਾਣੇ ਦੀ ਕਮਾਈ ਹੈ, ਉਹ ਗ਼ੈਰਤ ਹੈ,
ਉਦ੍ਹੀ ਗ਼ੈਰਤ, ਹੁਨਰ ਉਸਦਾ, ਉਦ੍ਹੀ ਦਸਤਾਰ ਸੰਭਾਲੀਂ!

ਐ ਮਹਿਰਮ, ਗ਼ੌਰ ਕਰ! ਮੈਂ ਇਹ ਕਲਮ ਜੋ ਤੈਨੂੰ ਸੌਂਪੀ ਹੈ,
ਇਨੂੰ ਕਾਨਾ ਹੀ ਨਾ ਸਮਝੀਂ, ਇਹ ਹੈ ਤਲਵਾਰ, ਸੰਭਾਲੀਂ!

ਤੂੰ ਅਪਣੇ 'ਰੂਬਰੂ' ਵਿਚ ਭੁਲ ਕੇ ਵੀ ਨਾ ਛਾਪੀਂ ਬੇਹੁਨਰੇ,
ਇਦ੍ਹੇ ਵਿਚ ਖ਼ਾਸ ਕਰ ਅਪਣਾ 'ਗ਼ਜ਼ਲ-ਗ਼ੁਲਜ਼ਾਰ' ਸੰਭਾਲੀਂ!

ਬੜਾ ਕੁਝ ਸੋਚ ਕੇ ਅੱਜ ਮੈਂ ਵਡੱਪਨ ਦੇ ਰਿਹਾਂ ਤੈਨੂੰ,
ਵਡੱਪਨ ਸਾਂਭਣਾ ਹੁੰਦੈ ਬੜਾ ਦੁਸ਼ਵਾਰ, ਸੰਭਾਲੀਂ!

ਤੇਰੇ ਵਿਸ਼ਵਾਸ 'ਤੇ 'ਸੰਧੂ' ਨੇ ਮਹਿਰਮ ਥਾਪਿਐ ਮੁਖੀਆ,
ਮੇਰੇ ਮੌਲਾ, ਮੇਰੇ ਦਾਤਾ, ਮੇਰੇ ਕਰਤਾਰ, ਸੰਭਾਲੀਂ!

•♣•

(ਗ਼ਜ਼ਲ-ਸੰਗ੍ਰਹਿ) ਜਸਵਿੰਦਰ ਮਹਿਰਮ
ਪੰਜਾਬੀ ਸੱਥ